International Journal of Research in Economics and Social Sciences(IJRESS)
Available online at: http://euroasiapub.org
Vol. 9 Issue 3, March- 2019
ISSN(o): 2249-7382 | Impact Factor: 6.939 |

# ਭਾਰਤੀ ਰਾਜਨੀਤੀ ਵਿੱਚ ਲੈਂਗਿਕ ਸਮਾਨਤਾ ਅਤੇ ਪ੍ਰਤੀਨਿਧਤਾ ਦਾ ਮੁੱਦਾ

## Issue of Gender Equality and Representation in Indian Politics

**ਵੀਰਪਾਲ ਸਿੰਘ**
**ਸਹਾਇਕ ਪ੍ਰੋਫ਼ੈਸਰ**
**ਪੋਸਟ ਗ੍ਰੈਜੂਏਟ ਰਾਜਨੀਤੀ ਵਿਗਿਆਨ ਵਿਭਾਗ**
**ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ਼**
**ਸ੍ਰੀ ਅਨੰਦਪੁਰ ਸਾਹਿਬ।**

ਸਮਾਜਿਕ ਨਾ ਬਰਾਬਰੀ ਸਦਾ ਤੋਂ ਹੀ ਸਮਾਜ ਵਿੱਚ ਰਹੀ ਹੈ ਭਾਵੇਂ ਇਹ ਵਿਕਸਿਤ ਸਮਾਜ ਹੋਣ ਜਾਂ ਵਿਕਾਸਸ਼ੀਲ ਸਮਾਜ। ਲਿੰਗ ਦੇ ਆਧਾਰ 'ਤੇ ਔਰਤਾਂ ਨੂੰ ਮਰਦਾਂ ਦੇ ਮੁਕਾਬਲੇ ਮਾੜਾ ਸਮਝਣਾ ਅਤੇ ਵਿਤਕਰਾ ਕਰਨਾ ਇਸ ਸਮਾਜਿਕ ਨਾ ਬਰਾਬਰੀ ਦਾ ਪ੍ਰਤੀਕ ਹੈ। ਪੁਰਾਤਨ ਸਮੇਂ ਤੋਂ ਹੀ ਔਰਤ ਨਾਲ ਇਹ ਵਿਤਕਰਾ ਹੁੰਦਾ ਆ ਰਿਹਾ ਹੈ। ਔਰਤਾਂ ਨੂੰ ਵਸਤੂ ਦੀ ਤਰ੍ਹਾਂ ਖਰੀਦਿਆਂ ਜਾਂਦਾ ਸੀ ਅਤੇ ਅੱਜ ਵੀ ਇਹ ਪ੍ਰਥਾ ਕਈ ਪੁਰਾਤਨ ਸਮਾਜਾਂ ਵਿੱਚ ਮੌਜੂਦ ਹੈ । ਅੱਜ ਵੀ ਹਾਲਾਤ ਕੋਈ ਜ਼ਿਆਦਾ ਵਧੀਆ ਨਹੀਂ ਹਨ । ਔਰਤਾਂ ਨਾਲ ਵਿਤਕਰਾ , ਅਨਿਆਂ, ਜ਼ਬਰਦਸਤੀ, ਨੌਕਰੀ, ਰੁਜ਼ਗਾਰ ਅਤੇ ਤਰੱਕੀ ਆਦਿ ਵਿੱਚ ਔਰਤਾਂ ਨੂੰ ਸਥਾਨ ਨਾ ਦੇਣਾ , ਕੁਝ ਵਿਸ਼ੇਸ਼ ਰੋਜ਼ਗਾਰਾਂ ਜਾਂ ਕੰਮਾਂ ਤੱਕ ਸੀਮਤ ਰੱਖਣਾ ,ਆਰਥਿਕ ਅਤੇ ਰਾਜਨੀਤਕ ਖੇਤਰ ਵਿੱਚ ਔਰਤਾਂ ਦੀ ਘੱਟ ਪ੍ਰਤੀ ਨਿਧਤਾ ਆਦਿ ਅੱਜ ਦੇ ਆਧੁਨਿਕ ਸਮਾਜ ਵਿੱਚ ਵੀ ਮੌਜੂਦ ਹੈ । ਅੱਜ ਵਿਸ਼ਵੀਕਰਨ ਦੀ ਪ੍ਰਕਿਰਿਆ ਵਿੱਚ ਵੀ ਔਰਤਾਂ ਨੂੰ ਢੁੱਕਵਾਂ ਸਥਾਨ ਨਹੀਂ ਮਿਲ ਰਿਹਾ । ਬਹੁ-ਰਾਸ਼ਟਰੀ ਕੰਪਨੀਆਂ ਅਤੇ ਡਿਜੀਟਲ ਮੀਡੀਆ ਦੇ ਯੁੱਗ ਨੇ ਔਰਤਾਂ ਨੂੰ ਇੱਕ ਬਾਜ਼ਾਰੂ ਵਸਤੂ ਬਣਾ ਕੇ ਰੱਖ ਦਿੱਤਾ ਹੈ ਜਿਸ ਨਾਲ ਉਹ ਆਪਣਾ ਮਾਲ ਵੇਚ ਰਹੀਆਂ ਹਨ । ਔਰਤਾਂ ਨੂੰ ਇਸ ਸਮਾਜਿਕਅਤੇ ਰਾਜਨੀਤਕ ਨਾ -ਬਰਾਬਰੀਵਾਲੀ ਦਸ਼ਾ ਤੋਂ ਛੁਟਕਾਰਾ ਦਵਾਉਣ ਦੇ ਲਈ ਸਮੇਂ-ਸਮੇਂ ਉੱਤੇ ਆਵਾਜ਼ਾਂ ਉੱਠਦੀਆਂ ਰਹੀਆਂ ਹਨ। ਇਸ ਸਬੰਧ ਵਿੱਚ ਅੰਤਰਰਾਸ਼ਟਰੀ ਪੱਧਰ ਉੱਤੇ 60ਵਿਆਂ ਅਤੇ ਖਾਸ ਕਰਕੇ **1970** ਦਾ ਸਾਲ ਨਾਰੀ-ਸ਼ਸ਼ਕਤੀਕਰਨ ਲਈ ਅੰਤਰਰਾਸ਼ਟਰੀ ਪੱਧਰ ਉੱਤੇ ਮਹੱਤਵਪੂਰਨ ਹੈ। ਇਸ ਸਾਲ ਤੋਂ ਨਾਰੀ ਸ਼ਕਤੀ ਅੰਦੋਲਨ ਨੇ ਜ਼ੋਰ ਫੜ੍ਹਿਆ ਅਤੇ ਨਾਰੀ ਸ਼ਕਤੀ ਦੇ ਮਹੱਤਵ ਨੂੰ ਸਵੀਕਾਰ ਕਰਦਿਆਂ ਬਹੁਤ ਸਾਰੇ ਦੇਸ਼ਾਂ ਨੇ ਮੰਨਿਆ ਕੇ ਵਿਸ਼ਵ ਦੀ ਅੱਧੀ ਵਸੋਂ ਨੂੰ ਵਿਕਾਸ ਤੋਂ ਵਾਂਝਿਆਂ ਰੱਖ ਕੇ ਸਥਾਈ ਵਿਕਾਸ ਨੂੰ ਪ੍ਰਾਪਤ

International Journal of Research in Economics and Social Sciences(IJRESS)
Available online at: http://euroasiapub.org
Vol. 9 Issue 3, March- 2019
ISSN(o): 2249-7382 | Impact Factor: 6.939 |

ਕਰਨਾ ਸੰਭਵ ਨਹੀਂ ਹੈ । ਸਮੇਂ-ਸਮੇਂ 'ਤੇ ਔਰਤਾਂ ਨਾਲ ਸੰਬੰਧਿਤ ਬਹੁਤ ਸਾਰੀਆਂ ਧਾਰਨਾਵਾਂ ਨੇ ਜਨਮ ਲਿਆ ਜਿਵੇਂ ਔਰਤ ਭਲਾਈ, ਨਾਰੀ ਸੁਤੰਤਰਤਾ , ਨਾਰੀ ਵਿਕਾਸ , ਨਾਰੀ ਸਸ਼ਕਤੀਕਰਨ ਆਦਿ ।ਅੰਤਰਰਾਸ਼ਟਰੀ ਪੱਧਰ ਉੱਤੇ ਭਾਵੇਂ ਵੱਡੇ ਪੱਧਰ ਉੱਤੇ ਨਾਰੀ ਸੁਤੰਤਰਤਾ ਅਤੇ ਨਾਰੀ ਬਰਾਬਰਤਾ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ ਪਰ ਔਰਤ ਦੀ ਦਸ਼ਾ ਵਿੱਚ ਬਹੁਤ ਜ਼ਿਆਦਾ ਸੁਧਾਰਨਹੀਂ ਹੋਇਆ।

ਜੇਕਰ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਦੀ ਗੱਲ ਕਰੀਏ, ਮੌਜੂਦਾ ਸਮੇਂ ਔਰਤ ਦੀ ਦਸ਼ਾ ਭਾਰਤੀ ਸਮਾਜ ਵਿੱਚ ਉਹ ਮੁਕਾਮ ਹਾਸਲ ਨਹੀਂ ਕਰ ਸਕੀ ਜੋ ਮੁਕਾਮ ਪੱਛਮੀ ਦੇਸ਼ਾਂ ਦੀਆਂ ਔਰਤਾਂ ਨੂੰ ਹਾਸਲ ਹੋਇਆ ਹੈ। ਭਾਰਤੀ ਇਸਤਰੀ ਦੀ ਸਥਿਤੀ ਵਿੱਚ ਸਮੇਂ - ਸਮੇਂ ਵੱਡੀਆਂ ਤਬਦੀਲੀਆਂ ਆਉਂਦੀਆਂ ਰਹੀਆਂ ਹਨ । ਪਿਛਲੇ ਕੁਝ ਹਜ਼ਾਰ ਸਾਲਾਂ ਵਿੱਚ ਭਾਰਤੀ ਇਸਤਰੀ ਦੀ ਸਥਿਤੀ ਵਿੱਚ ਕਈ ਵੱਡੀਆਂ -ਛੋਟੀਆਂਤਬਦੀਲੀਆਂ ਆਉਂਦੀਆਂ ਰਹੀਆਂ ਹਨ । ਪ੍ਰਾਚੀਨ ਕਾਲ ਵਿੱਚ ਭਾਰਤੀ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਰਾਜਨੀਤਿਕ -ਆਰਥਿਕ ਅਧਿਕਾਰ ਹਾਸਲ ਸਨ। ਵੈਦਿਕ ਕਾਲ ਤੋਂ ਬਾਅਦ ਭਾਰਤੀ ਇਸਤਰੀਆਂ ਦੀ ਸਥਿਤੀ ਖ਼ਰਾਬ ਹੁੰਦੀ ਚਲੀ ਗਈ । ਭਾਰਤੀ ਇਸਤਰੀ ਦੀ ਦਸ਼ਾ ਦੇ ਸੁਧਾਰ ਲਈ ਮੱਧ ਯੁੱਗ ਤੋਂ ਲੈ ਕੇ ਹੁਣ ਤੱਕ ਕਈ ਸੁਧਾਰਵਾਦੀ ਅੰਦੋਲਨ ਜਾਲਹਿਰਾਂ ਚੱਲੀਆਂ ਹਨ।

ਜੇਕਰ ਭਾਰਤੀ ਇਤਿਹਾਸ ਨੂੰ ਚੰਗੀ ਤਰ੍ਹਾਂ ਪੜ੍ਹਿਆ ਜਾਵੇ ਤਾਂ ਬਹੁਤ ਸਾਰੀਆਂ ਅਜਿਹੀਆਂ ਇਸਤਰੀਆਂ ਦੇ ਨਾਮ ਸਾਨੂੰ ਮਿਲ ਜਾਣਗੇ ਜਿਨ੍ਹਾਂ ਨੂੰ ਭਾਰਤੀ ਸਮਾਜ ਵਿੱਚ ਵਿਸ਼ੇਸ਼ ਦਰਜਾ ਮਿਲਿਆ ਹੈ । ਭਾਰਤ ਵਿੱਚ ਜਨਮੇ ਲੱਗਭਗ ਸਾਰੇ ਧਰਮ ਇਸਤਰੀ ਨੂੰ ਸਮਾਨ ਅਧਿਕਾਰ ਦੇਣ ਦੀ ਵਕਾਲਤ ਕਰਦੇ ਹਨ । ਆਧੁਨਿਕ ਭਾਰਤ ਵਿੱਚ ਵੀ ਔਰਤਾਂ ਨੇ ਕਈ ਉੱਚੇ ਮੁਕਾਮਅਤੇ ਅਹੁਦੇ ਹਾਸਲ ਕੀਤੇ ਹਨ ,ਜਿਵੇਂ ਰਾਸ਼ਟਰਪਤੀ, ਪ੍ਰਧਾਨ ਮੰਤਰੀ , ਲੋਕ ਸਭਾ ਸਪੀਕਰ, ਵਿਰੋਧੀ ਧਿਰ ਦੀ ਨੇਤਾ, ਵੱਖ-ਵੱਖ ਰਾਜਾਂ ਵਿਚ ਮੁੱਖ ਮੰਤਰੀ, ਉੱਚ-ਅਦਾਲਤਾਂ ਅਤੇ ਸਰਬਉੱਚ ਅਦਾਲਤਾਂ ਦੇ ਜੱਜਾਂ ਦੇ ਅਹੁਦੇ 'ਤੇ, ਰਾਜਨੀਤਿਕ ਦਲਾਂ ਦੇ ਮੁਖੀ ਆਦਿ। ਜਿਵੇਂ 2011 ਵਿੱਚ ਭਾਰਤੀ ਲੋਕ ਸਭਾ ਦੀ ਸਪੀਕਰ ਅਤੇ ਵਿਰੋਧੀ ਧਿਰ ਦੀ ਨੇਤਾ ਔਰਤ ਸੀ । ਭਾਰਤੀ ਇਸਤਰੀਆਂ ਅੱਜ ਵੱਖ -ਵੱਖ ਖੇਤਰਾਂ ਵਿੱਚ ਪੂਰੀ ਸਰਗਰਮੀ ਨਾਲ ਹਿੱਸਾ ਲੈ ਰਹੀਆਂ ਹਨ ਜਿਵੇਂ ਸਿੱਖਿਆ ,ਖੇਡਾਂ, ਰਾਜਨੀਤੀ , ਮੀਡੀਆ, ਕਲਾ ਅਤੇ ਸਾਹਿਤ , ਸਰਵ-ਜਨਕਸੇਵਾ ਖੇਤਰ , ਵਿਗਿਆਨ ਅਤੇ ਤਕਨੀਕ ਆਦਿ। ਸ਼੍ਰੀਮਤੀ ਇੰਦਰਾ ਗਾਂਧੀ ਲਗਭਗ ਪੰਦਰਾਂ ਸਾਲ ਭਾਰਤ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਉੱਤੇ ਰਹੇ । ਇਹ ਦੁਨੀਆਂ ਵਿੱਚ ਸਭ ਤੋਂ ਲੰਮਾ ਕਾਰਜਕਾਲ ਹੈ, ਜਦੋਂ ਇੱਕ ਔਰਤ ਰਾਜ ਦੇ ਮੁਖੀ ਦੇ ਅਹੁਦੇ ਉੱਤੇ ਰਹੀ ਹੋਵੇ।

International Journal of Research in Economics and Social Sciences(IJRESS)
Available online at: http://euroasiapub.org
Vol. 9 Issue 3, March- 2019
ISSN(o): 2249-7382 | Impact Factor: 6.939 |

ਪਰ ਜੇਕਰ ਮੌਜੂਦਾ ਸਮੇਂ ਦੇਖਿਆ ਜਾਵੇ ਤਾਂ ਭਾਰਤ ਵਿੱਚ ਔਰਤਾਂ ਦੀ ਦਸ਼ਾ ਬਹੁਤੀ ਜ਼ਿਆਦਾ ਤਸੱਲੀਬਖ਼ਸ਼ ਨਹੀਂ ਹੈ। ਭਾਰਤੀ ਸਮਾਜ ਵਿੱਚ ਸਦੀਆਂ ਤੋਂ ਅਜਿਹੇ ਰੀਤੀ - ਰਿਵਾਜ ਵੀ ਰਹੇ ਹਨ ਜਿਨ੍ਹਾਂ ਨੇ ਔਰਤਾਂ ਦੇ ਅਧਿਕਾਰਾਂ ਨੂੰ ਖੋਹਿਆ ਹੈ ਅਤੇ ਉਨ੍ਹਾਂ ਉੱਤੇ ਅਸਹਿ ਤਸੀਹੇ ਕੀਤੇ ਹਨ।ਭਾਵੇਂ ਕਾਨੂੰਨੀ ਤੌਰ 'ਤੇ ਅਜਿਹੀਆਂ ਕੁਰੀਤੀਆਂ ਨੂੰ ਜੁਰਮ ਕਰਾਰ ਦਿੱਤਾ ਗਿਆ ਹੈ, ਪਰ ਲੁਕਵੇਂ ਢੰਗ ਨਾਲ ਹਾਲੇ ਵੀ ਇਹ ਕੁਰੀਤੀਆਂ ਹੋਂਦ ਵਿੱਚ ਹਨ , ਜੋ ਕਿ ਔਰਤਾਂ ਉੱਤੇ ਸ਼ੋਸ਼ਣ ਦਾ ਕਾਰਨ ਬਣ ਰਹੀਆਂ ਹਨ। ਔਰਤਾਂ ਦੀ ਇਸ ਕਮਜ਼ੋਰ ਅਤੇ ਮਾੜੀ ਸਥਿਤੀ ਲਈ ਕਈ ਕਾਰਨ ਜ਼ਿੰਮੇਵਾਰ ਹਨ।

## ਭਾਰਤ ਵਿੱਚ ਇਸਤਰੀਆਂ ਦੀ ਕਮਜ਼ੋਰ ਸਥਿਤੀ ਦੇ ਕਾਰਨ

1. **ਪੁਰਸ਼-ਪ੍ਰਧਾਨ ਸਮਾਜ ਤੇ ਸਮਾਜਿਕ ਜੀਵਨ ਦੇ ਹਰ ਪਹਿਲੂ ਵਿੱਚ ਪੁਰਸ਼ਾਂ ਦੀ ਬਿਹਤਰ ਸਥਿਤੀ :** ਸਦੀਆਂ ਤੋਂ ਭਾਰਤ ਪੁਰਸ਼ -ਪ੍ਰਧਾਨ ਦੇਸ਼ ਰਿਹਾ ਹੈ ਜਿੱਥੇ ਹਮੇਸ਼ਾ ਹਰ ਇੱਕ ਖੇਤਰ ਵਿੱਚ ਪੁਰਸ਼ਾਂ ਨੂੰ ਪਹਿਲ ਮਿਲਦੀ ਰਹੀ ਹੈ। ਭਾਵੇਂ ਭਾਰਤੀ ਇਤਿਹਾਸ ਵਿੱਚ ਕੁਝ ਮਹਾਨ ਇਸਤਰੀਆਂ ਦਾ ਵੀ ਜ਼ਿਕਰ ਆਉਂਦਾ ਹੈ ਪਰ ਇਨ੍ਹਾਂ ਦੀ ਸੰਖਿਆ ਬਹੁਤ ਘੱਟ ਹੈ । ਆਮ ਔਰਤਾਂ ਨੂੰ ਘਰਾਂ ਦੀਆਂ ਚਾਰ -ਦੀਵਾਰੀਆਂ ਅੰਦਰ ਹੀ ਸੀਮਤ ਰੱਖਿਆ ਜਾਂਦਾ ਰਿਹਾ ਹੈ।ਹੁਣ ਵੀ ਇਸ ਪੁਰਸ਼ ਪ੍ਰਧਾਨਤਾ ਦਾ ਅਸਰ ਕਿਤੇ ਨਾ ਕਿਤੇ ਸਪੱਸ਼ਟ ਰੂਪ ਵਿੱਚ ਸਾਨੂੰ ਆਪਣੇ ਸਮਾਜ ਵਿੱਚ ਨਜ਼ਰੀਂ ਪੈ ਜਾਂਦਾ ਹੈ। ਭਾਵੇਂ ਕਿ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਭਾਰਤ ਦੀਆਂ ਇਸਤਰੀਆਂ ਪੜ੍ਹ ਲਿਖ ਗਈਆਂ ਹਨ ਅਤੇ ਉਨ੍ਹਾਂ ਦੀ ਸਥਿਤੀ ਵਿੱਚ ਕਾਫ਼ੀ ਸੁਧਾਰ ਆਇਆ ਹੈ । ਜਿਨ੍ਹਾਂ ਨੂੰ ਆਪਣੀ ਯੋਗਤਾ ਦਿਖਾਉਣ ਦਾ ਮੌਕਾ ਮਿਲਿਆ ਹੈ , ਉਨ੍ਹਾਂ ਨੇ ਕਈ ਉੱਚ ਮੁਕਾਮ ਹਾਸਲ ਕੀਤੇ ਹਨ , ਪਰ ਭਾਰਤੀ ਆਮ ਇਸਤਰੀ ਦੀ ਦਸ਼ਾ ਵਿੱਚ ਪਹਿਲਾਂ ਨਾਲੋਂ ਕੋਈ ਬਹੁਤਾ ਜ਼ਿਆਦਾ ਪਰਿਵਰਤਨ ਨਹੀਂ ਆਇਆ ਹੈ , ਸਗੋਂ ਉਸ ਦੀ ਹਾਲਤ ਦਿਨ -ਪ੍ਰਤੀ-ਦਿਨ ਹੋਰ ਬਦਤਰ ਹੁੰਦੀ ਜਾ ਰਹੀ ਹੈ । ਜਿੰਨੇ ਵੀ ਨਕਾਰਾਤਮਕ ਨਿਯਮ ਸਮਾਜ ਵਿੱਚ ਪ੍ਰਚੱਲਿਤ ਹਨ ਉਹ ਸਾਰੇ ਦੇ ਸਾਰੇ ਇਸਤਰੀਆਂ ਉੱਤੇ ਲਾਗੂ ਹੁੰਦੇ ਹਨ।
2. **ਪਰਿਵਾਰਕ ਅਤੇ ਸਮਾਜਿਕ ਜੀਵਨ ਵਿੱਚ ਇਸਤਰੀਆਂ ਦੀ ਕਮਜ਼ੋਰ ਸਥਿਤੀ:** ਭਾਰਤ ਵਿੱਚ ਪੁਰਸ਼ ਪ੍ਰਧਾਨ ਸਮਾਜ ਹੋਣ ਕਰਕੇ ਪਰਿਵਾਰਕ ਅਤੇ ਸਮਾਜਿਕ ਜੀਵਨ ਵਿੱਚ ਵੀ ਇਸਤਰੀ ਦੀ ਕਮਜ਼ੋਰ ਸਥਿਤੀ ਰਹੀ ਹੈ । ਪਰਿਵਾਰ ਵਿੱਚ ਪਰਿਵਾਰ ਦਾ ਮੁਖੀ ਪੁਰਸ਼ ਨੂੰ ਬਣਾਇਆ ਜਾਂਦਾ ਹੈ । ਇਸੇ ਤਰ੍ਹਾਂ ਸਮਾਜ ਵਿੱਚ ਪ੍ਰਮੁੱਖਤਾ ਅਤੇ ਫੈਸਲੇ ਲੈਣ ਦੀ ਤਾਕਤ ਪੁਰਸ਼ ਨੂੰ ਦਿੱਤੀ ਗਈ ਹੈ। ਭਾਵੇਂ ਸਥਾਨਕ ਸਰਕਾਰਾਂ ਵਿੱਚ ਬਹੁਤ ਵੱਡੀ ਗਿਣਤੀ ਵਿੱਚ

International Journal of Research in Economics and Social Sciences(IJRESS)
Available online at: http://euroasiapub.org
Vol. 9 Issue 3, March- 2019
ISSN(o): 2249-7382 | Impact Factor: 6.939 |

ਔਰਤਾਂ ਚੁਣੀਆਂ ਜਾਂਦੀਆਂ ਹਨ ਪਰ ਪਰਿਵਾਰਕ ਦ੍ਰਿਸ਼ਟੀ ਤੋਂ ਉਨ੍ਹਾਂ ਦੀ ਸਥਿਤੀ ਕਮਜ਼ੋਰ ਰਹਿੰਦੀ ਹੈ ਅਤੇ ਉਨ੍ਹਾਂ ਦੇ ਅਹੁਦਿਆਂ ਦੀ ਵਰਤੋਂ ਉਸ ਪਰਿਵਾਰ ਦੇ ਪੁਰਸ਼ ਮੈਂਬਰ ਕਰਦੇ ਹਨ।

3. **ਇਸਤਰੀਆਂ ਨੂੰ ਸਿੱਖਿਆ ਪ੍ਰਾਪਤ ਕਰਨ ਦੇ ਘੱਟ ਮੌਕੇ:** ਭਾਰਤ ਵਿੱਚ ਭਾਵੇਂ ਸਿੱਖਿਆ ਦਾ ਪ੍ਰਸਾਰ ਪਹਿਲਾਂ ਦੇ ਮੁਕਾਬਲੇ ਕਾਫ਼ੀ ਵਧਿਆ ਹੈ ਫਿਰ ਵੀ ਭਾਰਤੀ ਸਿੱਖਿਆ ਵਿਵਸਥਾ ਵਿੱਚ ਕਾਫ਼ੀ ਜ਼ਿਆਦਾ ਪਛੜਿਆ ਹੋਇਆ ਹੈ। ਬਹੁਤ ਸਾਰੇ ਗਰੀਬ ਅਤੇ ਪੱਛੜੇ ਪਰਿਵਾਰਾਂ ਦੀਆਂ ਲੜਕੀਆਂ ਅਨਪੜ੍ਹ ਰਹਿ ਜਾਂਦੀਆਂ ਹਨ । ਮੁੱਢਲੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਜ਼ਿਆਦਾਤਰ ਲੜਕੀਆਂ ਉੱਚ ਸਿੱਖਿਆ ਪ੍ਰਾਪਤ ਕਰਨ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ ਕਿਉਂਕਿ ਉੱਚ ਸਿੱਖਿਆ ਸੰਸਥਾਵਾਂ ਘਰਾਂ ਤੋਂ ਦੂਰ ਹੁੰਦੀਆਂ ਹਨ ਅਤੇ ਜ਼ਿਆਦਾਤਰ ਪਰਿਵਾਰ ਇਨ੍ਹਾਂ ਸੰਸਥਾਵਾਂ ਵਿੱਚ ਆਪਣੀਆ ਲੜਕੀਆਂ ਨੂੰ ਨਹੀਂ ਭੇਜਦੇ । ਭਾਰਤ ਦੇ ਪੱਛੜੇ ਹੋਏ ਸਮਾਜ ਵਿੱਚ ਜ਼ਿਆਦਾਤਰ ਇਹ ਮੰਨਿਆ ਜਾਂਦਾ ਹੈ ਕਿ ਲੜਕੀਆਂ ਲਈ ਸਿੱਖਿਆ ਤੋਂ ਜ਼ਿਆਦਾ ਘਰ ਦੇ ਕੰਮ ਜ਼ਰੂਰੀ ਹਨ । ਬਹੁਤ ਸਾਰੀਆਂ ਲੜਕੀਆਂ ਦੇ ਬਾਲ ਵਿਆਹ ਹੋਣ ਕਰਕੇ ਵੀ ਉਹ ਸਿੱਖਿਆ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ । ਘੱਟ ਪੜ੍ਹੀਆਂ ਲਿਖੀਆਂ ਹੋਣ ਕਰਕੇ ਉਹ ਆਪਣੇ ਅਧਿਕਾਰਾਂ ਪ੍ਰਤੀ ਜਾਣੂ ਨਹੀਂ ਹੋ ਪਾਉਂਦੀਆਂ ਅਤੇ ਪੂਰਾ ਜੀਵਨ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਰਹਿੰਦੀਆਂ ਹਨ।

4. **ਇਸਤਰੀਆਂ ਲਈ ਰੁਜ਼ਗਾਰ ਦੇ ਮੌਕਿਆਂ ਦਾ ਘੱਟ ਹੋਣਾ** : ਇਸਤਰੀਆਂ ਦੇ ਅਧਿਕਾਰ ਵੱਡੇ ਪੱਧਰ ਉੱਤੇ ਆਰਥਿਕਤਾ ਦੇ ਨਾਲ ਜੁੜੇ ਹੋਏ ਹਨ। ਬਹੁਤ ਸਾਰੇ ਅਧਿਐਨਾਂ ਤੋਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਜਿਹੜੀਆਂ ਔਰਤਾਂ ਆਰਥਿਕ ਤੌਰ 'ਤੇ ਆਤਮ ਨਿਰਭਰ ਹਨ ਉਹ ਆਪਣੇ ਅਧਿਕਾਰਾਂ ਲਈ ਵੱਧ ਜਾਗਰੂਕ ਹਨ। ਆਰਥਿਕ ਮਜ਼ਬੂਤੀ ਲਈ ਔਰਤਾਂ ਲਈ ਰੁਜ਼ਗਾਰ ਦੇ ਮੌਕਿਆਂ ਦਾ ਹੋਣਾ ਬਹੁਤ ਜ਼ਿਆਦਾ ਜ਼ਰੂਰੀ ਹੈ । ਭਾਵੇਂ ਕਿ ਅੱਜ ਇਸਤਰੀਆਂ ਨੇ ਆਪਣੀ ਯੋਗਤਾ ਨਾਲ ਇਹ ਸਿੱਧ ਕਰ ਦਿੱਤਾ ਹੈ ਕਿ ਉਹ ਮਰਦਾਂ ਦੇ ਬਰਾਬਰ ਹਰ ਇੱਕ ਕਿੱਤੇ ਨੂੰ ਅਪਣਾ ਸਕਦੀਆਂ ਹਨ ਅਤੇ ਉਸ ਨੂੰ ਸੁਚੱਜੇ ਢੰਗ ਨਾਲ ਨਿਭਾ ਸਕਦੀਆਂ ਹਨ , ਪਰ ਭਾਰਤੀ ਔਰਤਾਂ ਨੂੰ ਕੁਝ ਰੋਜ਼ਗਾਰਾਂ ਤੱਕ ਹੀ ਸੀਮਤ ਰੱਖਿਆ ਗਿਆ ਹੈ । ਭਾਰਤ ਵਿੱਚ ਜ਼ਿਆਦਾਤਰ ਰੋਜ਼ਗਾਰਾਂ ਲਈ ਪੁਰਸ਼ਾਂ ਨੂੰ ਉੱਤਮ ਮੰਨਿਆ ਜਾਂਦਾ ਹੈ । ਔਰਤਾਂ ਲਈ ਨਰਸ, ਅਧਿਆਪਕ ਜਾਂ ਕੁਰਸੀ ਉੱਤੇ ਬੈਠ ਕੇ ਕਰਨਵਾਲੀਆਂ ਨੌਕਰੀਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ । ਅਕਸਰ ਔਰਤਾਂ ਨੂੰ ਸਸਤੇ ਮਜ਼ਦੂਰਾਂ ਵਜੋਂ ਵੀ ਦੇਖਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਮਰਦਾਂ ਦੇ ਬਰਾਬਰ ਤਨਖਾਹ ਵੀ ਨਹੀਂ ਦਿੱਤੀ ਜਾਂਦੀ।

International Journal of Research in Economics and Social Sciences(IJRESS)
Available online at: http://euroasiapub.org
Vol. 9 Issue 3, March- 2019
ISSN(o): 2249-7382 | Impact Factor: 6.939 |

5. **ਭਾਰਤ ਵਿੱਚ ਇਸਤਰੀਆਂ ਨੂੰ ਆਰਥਿਕ ਭਾਰ ਸਮਝਣਾ :** ਭਾਰਤੀ ਸਮਾਜਿਕ ਢਾਂਚੇ ਵਿੱਚ ਬਹੁਤ ਸਾਰੀਆਂ ਅਜਿਹੀਆਂ ਕੁਰੀਤੀਆਂ ਹਨ ਜਿਸ ਕਰਕੇ ਇਸਤਰੀਆਂ ਨੂੰ ਜਾਂ ਲੜਕੀਆਂ ਨੂੰ ਪਰਿਵਾਰ ਉੱਤੇ ਇੱਕ ਭਾਰ ਦੇ ਤੌਰ 'ਤੇ ਦੇਖਿਆ ਜਾਂਦਾ ਹੈ। ਜਿਨ੍ਹਾਂ ਵਿੱਚੋਂ ਪ੍ਰਮੁੱਖ ਦਾਜ ਪ੍ਰਥਾ , ਲੜਕੀਆਂ ਨੂੰ ਪਰਾਇਆ ਧਨ ਸਮਝਣਾ ਪ੍ਰਮੁੱਖ ਹੈ । ਭਾਵੇਂ ਕਿ ਭਾਰਤੀ ਸੰਵਿਧਾਨ ਵਿੱਚ ਇਸਤਰੀਆਂ ਨੂੰ ਬਰਾਬਰਤਾ ਦੇ ਅਧਿਕਾਰ ਦਿੱਤੇ ਗਏ ਹਨ ਅਤੇ ਦਾਜ ਪ੍ਰਥਾ ਨੂੰ ਇੱਕ ਕਾਨੂੰਨੀ ਜੁਰਮ ਬਣਾਇਆ ਗਿਆ ਹੈ ਅਤੇ ਇਸ ਦੀ ਉਲੰਘਣਾ ਕਰਨ ਵਾਲੇ ਨੂੰ ਸਜ਼ਾ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਪਰ ਇਹ ਦੇਖਣ ਵਿੱਚ ਆਮ ਆਉਂਦਾ ਹੈ ਕਿ ਦਾਜ ਨਿਰੰਤਰ ਲਿਆ ਅਤੇ ਦਿੱਤਾ ਜਾਂਦਾ ਹੈ । ਇਸ ਕਰਕੇ ਬਹੁਤੇ ਪਰਿਵਾਰ ਲੜਕੀਆਂ ਨੂੰ ਇੱਕ ਆਰਥਿਕ ਬੋਝ ਮੰਨਦੇ ਹਨ , ਜਿਸ ਕਰਕੇ ਭਰੂਣ ਹੱਤਿਆ ਜਾਂ ਬਾਲ ਹੱਤਿਆ ਵਰਗੇ ਜੁਰਮ ਹੁੰਦੇ ਹਨ । ਲੜਕੇ ਜਾਂ ਲੜਕੀ ਦੇ ਜਨਮ ਲਈ ਵੀ ਔਰਤ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ, ਜਦੋਂ ਕਿ ਲੜਕਾ ਜਾਂ ਲੜਕੀ ਦਾ ਪੈਦਾ ਹੋਣਾ ਪੁਰਸ਼ ਮੈਂਬਰ ਉੱਤੇ ਨਿਰਭਰ ਕਰਦਾ ਹੈ।
6. **ਇਸਤਰੀਆਂ ਨੂੰ ਵਸਤੂ ਦੀ ਤਰ੍ਹਾਂ ਸਮਝਣਾ:** ਭਾਰਤ ਹੀ ਨਹੀਂ ਸਗੋਂ ਸਮੁੱਚੇ ਵਿਸ਼ਵ ਵਿੱਚ ਇਸਤਰੀਆਂ ਨੂੰ ਇੱਕ ਵਸਤੂਆਂ ਦੀ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ । ਭਾਰਤ ਵਿੱਚ ਅੱਜ ਵੀ ਵੱਖ -ਵੱਖ ਹਿੱਸਿਆਂ ਵਿੱਚ ਇਸਤਰੀਆਂ ਨੂੰ ਜਾਨਵਰਾਂ ਦੀ ਤਰ੍ਹਾਂ ਵੇਚਿਆ ਅਤੇ ਖਰੀਦਿਆ ਜਾਂਦਾ ਹੈ। ਮਨੋਰੰਜਨ ਦੇ ਸਾਧਨ ਫ਼ਿਲਮਾਂ, ਨਾਟਕਾਂ ਆਦਿ ਵਿੱਚ ਵੀ ਔਰਤਾਂ ਨੂੰ ਮਰਦ ਦੇ ਅਧੀਨ ਦਿਖਾਇਆ ਜਾਂਦਾ ਹੈ । ਵੱਡੀਆਂ- ਵੱਡੀਆਂ ਬਹੁ-ਰਾਸ਼ਟਰੀ ਕੰਪਨੀਆਂ ਆਪਣੇ ਵੱਖ-ਵੱਖ ਸਮਾਨ ਨੂੰ ਵੇਚਣ ਲਈ ਔਰਤਾਂ ਨੂੰਮਸ਼ਹੂਰੀਆਂਵਿੱਚਇੱਕ ਵਸਤੂ ਦੀ ਤਰ੍ਹਾਂ ਪੇਸ਼ ਕਰਦੀਆਂ ਹਨ । ਔਰਤਾਂ ਨੂੰ ਮਨੋਰੰਜ਼ਨ ਦਾ ਸਾਧਨ ਮਾਤਰ ਮੰਨਿਆ ਜਾਂਦਾ ਹੈ।
7. **ਨਾਰੀਵਾਦ, ਨਾਰੀ-ਸ਼ਸ਼ਕਤੀਕਰਨ, ਸਮਾਨਤਾ ਆਦਿ ਸਿਧਾਂਤਾਂ ਦਾ ਕਾਗਜ਼ਾਂ ਤੱਕ ਸੀਮਤ ਰਹਿਣਾ:** ਔਰਤਾਂ ਦੀ ਦਸ਼ਾ ਸੁਧਾਰਨ ਦੇ ਲਈ ਕਈ ਸਿਧਾਂਤ ਘੜੇ ਗਏ ਹਨ ਜਿਵੇਂ ਨਾਰੀਵਾਦ , ਨਾਰੀ ਸ਼ਸ਼ਕਤੀਕਰਨ , ਬਰਾਬਰਤਾ ਆਦਿ। ਪਰ ਇਹ ਸਿਧਾਂਤ ਕਾਗਜ਼ਾਂ ਤੱਕ ਹੀ ਸੀਮਤ ਹਨ ਜਦੋਂ ਕਿ ਅਸਲੀਅਤ ਇਹ ਹੈ ਕਿ ਇਹ ਸਿਧਾਂਤ ਜ਼ਮੀਨੀ ਪੱਧਰ ਉੱਤੇ ਕਦੇ ਵੀ ਲਾਗੂ ਨਹੀਂ ਹੋ ਪਾਏ ਹਨ । ਇਹ ਸਿਧਾਂਤ ਸਿਰਫ਼ ਭਾਸ਼ਣਾਂ, ਕਾਨਫਰੰਸਾਂ ਤੱਕ ਹੀ ਸੀਮਤ ਰਹਿੰਦੇ ਹਨ ਅਤੇ ਇਨ੍ਹਾਂ ਸਬੰਧੀ ਕੋਈ ਵੀ ਜਾਣਕਾਰੀ ਜਾਂ ਜਾਗਰੂਕਤਾ ਮੁਹਿੰਮ ਆਮ ਔਰਤਾਂ ਤੱਕ ਨਹੀਂ ਪਹੁੰਚ ਪਾਉਂਦੀ।
8. **ਇਸਤਰੀਆਂ ਦੀ ਰਾਜਨੀਤੀ ਵਿੱਚ ਬਹੁਤ ਘੱਟ ਭਾਗੀਦਾਰੀ ਹੋਣਾ :** ਭਾਵੇਂ ਕਿ ਭਾਰਤੀ ਸੰਵਿਧਾਨ ਦੁਆਰਾ ਭਾਰਤ ਦੇ ਹਰ ਇੱਕ ਨਾਗਰਿਕ ਨੂੰ ਬਿਨਾਂ ਕਿਸੇ ਭੇਦ ਭਾਵ ਤੋਂ ਵੋਟ ਪਾਉਣ ਅਤੇ ਚੋਣਾਂ ਲੜਨ ਦਾ ਅਧਿਕਾਰ

International Journal of Research in Economics and Social Sciences(IJRESS)
Available online at: http://euroasiapub.org
Vol. 9 Issue 3, March- 2019
ISSN(o): 2249-7382 | Impact Factor: 6.939 |

ਦਿੱਤਾ ਗਿਆ ਪਰ ਭਾਰਤੀ ਰਾਜਨੀਤੀ ਵਿੱਚ ਔਰਤਾਂ ਦੀ ਭਾਗੀਦਾਰੀ ਬਹੁਤ ਘੱਟ ਹੈ। ਜਿਹੜੀਆਂ ਇਸਤਰੀਆਂ ਚੋਣਾਂ ਲੜਦੀਆਂ ਵੀ ਹਨ ਉਨ੍ਹਾਂ ਵਿੱਚੋਂ ਜ਼ਿਆਦਾਤਰ ਰਾਜਨੀਤਿਕ ਘਰਾਣਿਆਂ ਜਾਂ ਅਮੀਰ ਘਰਾਣਿਆਂ ਨਾਲ ਸਬੰਧਤ ਹੁੰਦੀਆਂ ਹਨ ਅਤੇ ਉਹ ਆਮ ਔਰਤਾਂ ਦੀਆਂ ਸਮੱਸਿਆਵਾਂ ਤੋਂ ਚੰਗੀ ਤਰ੍ਹਾਂ ਜਾਣੂ ਵੀ ਨਹੀਂ ਹੁੰਦੀਆਂ ਹਨ। ਭਾਰਤ ਵਿੱਚ ਖ਼ਰਚੀਲੀ ਚੋਣ ਪ੍ਰਣਾਲੀ ਹੋਣ ਕਾਰਨ ਆਮ ਔਰਤ ਦਾ ਉੱਚ ਸੰਸਥਾਵਾਂ ਵਿੱਚ ਚੁਣਿਆ ਜਾਣਾ ਵੀ ਮੁਸ਼ਕਿਲ ਹੁੰਦਾ ਹੈ । ਇਸ ਲਈ ਜੇਕਰ ਔਰਤਾਂ ਦੀ ਸਥਿਤੀ ਨੂੰ ਸੁਧਾਰਨਾ ਹੈ ਤਾਂ ਔਰਤਾਂ ਦੀ ਰਾਜਨੀਤੀ ਵਿੱਚ ਭਾਗੀਦਾਰੀ ਨੂੰ ਵਧਾਉਣਾ ਪਵੇਗਾ ਕਿਉਂਕਿ ਔਰਤਾਂ ਦੀਆਂ ਸਮੱਸਿਆਵਾਂ ਮਜ਼ਬੂਰੀਆਂ ਅਤੇ ਸਮਾਜਿਕ ਹਾਲਾਤਾਂ ਨੂੰ ਸਿਰਫ ਔਰਤਾਂ ਹੀ ਸਮਝ ਸਕਦੀਆਂ ਹਨ । ਭਾਵੇਂ ਕਿ ਸਥਾਨਕ ਸਰਕਾਰਾਂ ਵਿੱਚ ਔਰਤਾਂ ਲਈ ਰਾਖਵੇਂਕਰਨ ਦੀ ਨੀਤੀ ਨੂੰ ਅਪਣਾਇਆ ਗਿਆ ਹੈ, ਪਰ ਇਹ ਵੀ ਜ਼ਿਆਦਾ ਕਾਰਗਰ ਸਿੱਧ ਨਹੀਂ ਹੋ ਰਹੀ। ਅਕਸਰ ਚੁਣੀਆਂ ਗਈਆਂ ਔਰਤਾਂ ਦੇ ਅਹੁਦੇ ਦੀ ਤਾਕਤ ਨੂੰ ਪਰਿਵਾਰ ਦੇ ਮਰਦ ਵਰਤਦੇ ਹਨ । ਇਸ ਲਈ ਔਰਤਾਂ ਨੂੰ ਜਾਗਰੂਕ ਕੀਤਾ ਜਾਣਾ ਜ਼ਰੂਰੀ ਹੈ ਅਤੇ ਉਨ੍ਹਾਂ ਦੀ ਰਾਜਨੀਤਿਕ ਭਾਗੀਦਾਰੀ ਨੂੰ ਵਧਾਉਣ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਉਹ ਆਪਣੀਆਂ ਸਮੱਸਿਆਵਾਂ ਦਾ ਹੱਲ ਆਪ ਕਰ ਸਕਣ।

ਇਸਤਰੀਆਂ ਦੀ ਰਾਜਨੀਤੀ ਵਿੱਚ ਸਾਮਾਨ ਭਾਗੀਦਾਰੀ ਇੱਕ ਸੱਚੇ ਲੋਕਤੰਤਰ ਲਈ ਬੁਨਿਆਦੀ ਸ਼ਰਤ ਹੈ । ਨਿਰਣਾ- ਨਿਰਮਾਣ ਦੇ ਉੱਚ -ਅਹੁਦਿਆਂ ਉੱਤੇ ਔਰਤਾਂ ਦੀਨਿਯੁਕਤੀਵਧਣ ਨਾਲ ਹੀ ਕਿਸੀਰਾਜਨੀਤਿਕ ਪ੍ਰਣਾਲੀ ਵਿੱਚ ਔਰਤਾਂ ਦੇ ਸਥਾਨ ਦੀ ਪੁਸ਼ਟੀ ਹੁੰਦੀ ਹੈ। ਇਸ ਤਰ੍ਹਾਂ ਔਰਤਾਂ ਨੂੰ ਜਨਤਕ ਫੈਸਲੇ ਲੈਣ ਵਿੱਚ ਸਿੱਧੇ ਤੌਰ ’ਤੇ ਸ਼ਾਮਲ ਕੀਤਾ ਜਾ ਸਕਦਾ ਹੈ । ਜਿਸ ਨਾਲ ਔਰਤਾਂ ਲਈ ਵਧੀਆ ਢੰਗ ਦੇ ਨਾਲ ਸੋਚਿਆ ਅਤੇ ਕੰਮ ਕੀਤਾ ਜਾ ਸਕਦਾ ਹੈ ।ਜਦੋਂ ਇਸਤਰੀਆਂ ਅਤੇ ਮਰਦਾਂ ਨੂੰ ਨਿਰਣਾ ਨਿਰਮਾਣ ਵਿੱਚ ਬਰਾਬਰ ਹਿੱਸਾ ਦਿੱਤਾ ਜਾਵੇਗਾ ਤਾਂ ਅਸਲ ਵਿਚ ਲੋਕਤੰਤਰ ਦੀ ਸਥਾਪਨਾ ਹੋਵੇਗੀ। ਇਸ ਲਈ ਇਹ ਜ਼ਰੂਰੀ ਹੈ ਕਿ ਔਰਤਾਂ ਦੀ ਬਰਾਬਰਤਾ ਦੇ ਲਈ ਔਰਤਾਂ ਨੂੰ ਨਿਰਣਾ -ਨਿਰਮਾਣ ਵਿੱਚ ਬਰਾਬਰਤਾ ਦਿੱਤੀ ਜਾਵੇ । ਰਾਜਨੀਤਿਕ ਹਿੱਸੇਦਾਰੀ ਨੂੰ ਵੱਖ -ਵੱਖ ਤਰੀਕਿਆਂ ਨਾਲ ਪ੍ਰਭਾਸ਼ਿਤ ਕੀਤਾ ਗਿਆ ਹੈ । ਰਾਜਨੀਤਕ ਹਿੱਸੇਦਾਰੀ ਦਾ ਮਤਲਬ ਸਿਰਫ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਾ ਹੀ ਨਹੀਂ ਬਲਕਿ ਨਿਰਣਾ - ਨਿਰਮਾਣ, ਸ਼ਾਸਨ ਵਿੱਚ ਹਿੱਸੇਦਾਰੀ, ਨੀਤੀ-ਨਿਰਮਾਣ ਵਿੱਚ ਹਿੱਸੇਦਾਰੀਤੋਂ ਹੈ।

***ਸੰਯੁਕਤ ਰਾਸ਼ਟਰ ਡਿਵੈਲਪਮੈਂਟ ਪ੍ਰੋਗਰਾਮ*** ਦੀ 2011 ਵਿਚ***ਮਨੁੱਖੀ ਤਰੱਕੀ ਉੱਤੇ ਪੇਸ਼ ਕੀਤੀ ਗਈ*** ਰਿਪੋਰਟ ਅਨੁਸਾਰ ਲੈਂਗਿਕ ਸਮਾਨਤਾ ਦੇ ਖੇਤਰ ਵਿੱਚ ਭਾਰਤ ਨੂੰ 146 ਦੇਸ਼ਾਂ ਦੀ ਸਾਰਣੀ ਵਿੱਚ 129ਵਾਂ ਸਥਾਨ ਪ੍ਰਾਪਤ ਹੋਇਆ। ਸਿਰਫ਼ 26 .6 ਪ੍ਰਤੀਸ਼ਤ ਭਾਰਤੀ ਲੜਕੀਆਂ ਸੀਨੀਅਰ ਸੈਕੰਡਰੀ ਸਿੱਖਿਆ ਪੂਰੀ ਕਰ ਪਾਉਂਦੀਆਂ ਹਨ । ਸਿਹਤ ਦੇ

International Journal of Research in Economics and Social Sciences(IJRESS)
Available online at: http://euroasiapub.org
Vol. 9 Issue 3, March- 2019
ISSN(o): 2249-7382 | Impact Factor: 6.939 |

ਖੇਤਰ ਵਿੱਚ **ਰਾਸ਼ਟਰੀ ਪਰਿਵਾਰ ਸਿਹਤ ਸਰਵੇ** ਅਨੁਸਾਰ 56.2% ਵਿਆਹੀਆਂ ਗਈਆਂ ਔਰਤਾਂ ਜਿਨ੍ਹਾਂ ਦੀ ਉਮਰ 15 ਤੋਂ 49 ਦੇ ਵਿਚਕਾਰ ਹੈ, ਆਇਰਨ ਦੀ ਕਮੀ ਅਤੇ ਕੁਪੋਸ਼ਣ ਦਾ ਸ਼ਿਕਾਰ ਹੁੰਦੀਆਂ ਹਨ। ਜਿਨ੍ਹਾਂ ਵਿੱਚੋਂ 19 ਪ੍ਰਤੀਸ਼ਤ ਦੀ ਮੌਤ ਬੱਚੇ ਦੇ ਜਨਮ ਸਮੇਂ ਹੋ ਜਾਂਦੀ ਹੈ। ਇਸ ਪਿੱਛੇ ਸਭ ਤੋਂ ਵੱਡਾ ਕਾਰਨ ਔਰਤਾਂ ਦੀ ਰਾਜਨੀਤਿਕ ਭਾਗੀਦਾਰੀ ਦੀ ਕਮੀ ਹੈ ਜਿਸ ਕਰਕੇ ਉਹ ਆਪਣੇ ਪ੍ਰਤੀ ਅਤੇ ਆਪਣੀਆਂ ਸਮੱਸਿਆਵਾਂ ਪ੍ਰਤੀ ਮਹੱਤਵਪੂਰਨ ਨਿਰਣੇ ਲੈਣ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ।

ਇਸ ਲਈ ਅਸੀਂ ਉਸ ਲੋਕਤੰਤਰ ਨੂੰ ਅਸਲ ਲੋਕਤੰਤਰ ਕਹਿ ਸਕਦੇ ਹਾਂ ਜਿਸ ਵਿੱਚ ਔਰਤਾਂ ਅਤੇ ਮਰਦਾਂ ਨੂੰ ਨਿਰਣੇ ਲੈਣ ਵਿੱਚ ਬਰਾਬਰ ਦਾ ਅਧਿਕਾਰ ਹੋਵੇ ਕਿਉਂਕਿ ਔਰਤਾਂ ਆਪਣੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਨੂੰ ਚੰਗੀ ਤਰ੍ਹਾਂ ਸਮਝ ਸਕਦੀਆਂ ਹਨ। ਜੇਕਰ ਉਨ੍ਹਾਂ ਨੂੰ ਦੇਸ਼ ਨਿਰਮਾਣ ਵਿੱਚ ਹਿੱਸੇਦਾਰੀ ਮਿਲੇਗੀ ਤਾਂ ਉਹ ਵਧੀਆ ਢੰਗ ਨਾਲ ਸਮਾਜ ਨੂੰ ਆਪਣੀਆਂ ਸੇਵਾਵਾਂ ਦੇ ਸਕਦੀਆਂ ਹਨ। ਔਰਤਾਂ ਦੀ ਰਾਜਨੀਤੀ ਵਿੱਚ ਭੂਮਿਕਾ ਨੂੰ ਲੈ ਕੇ ਤਿੰਨ ਤਰਕ ਪੇਸ਼ ਕੀਤੇ ਜਾਂਦੇ ਹਨ: **ਪਹਿਲਾ-** ਪੂਰੇ ਨਾਗਰਿਕ ਦੇ ਤੌਰ 'ਤੇ ਔਰਤਾਂ ਨੂੰ ਘੱਟੋ-ਘੱਟ ਅੱਧੇ ਅਨੁਪਾਤ ਵਿੱਚ ਨੁਮਾਇੰਦਗੀ ਕਰਨ ਦਾ ਅਧਿਕਾਰ। **ਦੂਜਾ-** ਔਰਤਾਂ ਨੂੰ ਰਾਜਨੀਤਿਕ ਹਿੱਸੇਦਾਰੀ ਪ੍ਰਾਪਤ ਹੋਣੀ ਚਾਹੀਦੀ ਹੈ ਕਿਉਂਕਿ ਔਰਤਾਂ ਦੇ ਰਹਿਣ ਦੇ ਹਾਲਾਤ ਅਤੇ ਤਜਰਬੇ ਪੁਰਸ਼ਾਂ ਦੇ ਸਮਾਨ ਨਹੀਂ ਹੁੰਦੇ ਹਨ, **ਤੀਜਾ** ਪੁਰਸ਼ ਪ੍ਰਤੀਨਿਧੀ ਕਦੇ ਵੀ ਇਸਤਰੀਆਂ ਦੇ ਹਿੱਤਾਂ ਨੂੰ ਚੰਗੀ ਤਰ੍ਹਾਂ ਪੇਸ਼ ਨਹੀਂ ਕਰ ਸਕਦੇ ਕਿਉਂਕਿ ਇਸਤਰੀਆਂ ਅਤੇ ਮਰਦਾਂ ਦੇ ਕੁਝ ਹਿੱਤ ਆਪਸ ਵਿੱਚ ਟਕਰਾਉਂਦੇ ਹਨ । ਵੱਖ-ਵੱਖ ਅਧਿਐਨਾਂ ਨੇ ਵੀ ਇਹ ਦਰਸਾਇਆ ਹੈ ਕਿ ਇਸਤਰੀਆਂ ਸਮਾਜਿਕ ਵਿਸ਼ਿਆਂ ਸਬੰਧੀ ਜ਼ਿਆਦਾ ਸੰਵੇਦਨਸ਼ੀਲ ਅਤੇ ਪ੍ਰਪੱਕ ਹੁੰਦੀਆਂ ਹਨ, ਜਿਵੇਂ ਸਿਹਤ, ਗ਼ਰੀਬੀ ਤਰੱਕੀ ਅਤੇ ਪਰਿਵਾਰਕਲਿਆਣ ਆਦਿ।

ਇਸਤਰੀਆਂ ਦੀ ਰਾਜਨੀਤੀ ਵਿੱਚ ਹਿੱਸੇਦਾਰੀ ਦੀ ਨੀਂਹ ਰਾਸ਼ਟਰੀ ਅੰਦੋਲਨ ਦੌਰਾਨ ਰੱਖੀ ਗਈ ਸੀ। ਆਜ਼ਾਦੀ ਤੋਂ ਬਾਅਦ ਔਰਤਾਂ ਨੂੰ ਲੋਕਤੰਤਰਿਕ ਪ੍ਰਕਿਰਿਆ ਵਿੱਚ ਹਿੱਸਾ ਲੈਣ ਦਾ ਮੌਕਾ ਮਿਲਿਆ। ਔਰਤ ਦੀ ਸਥਿਤੀ ਨੂੰ ਸੁਧਾਰਨ ਲਈ ਵੱਡੇ ਪੱਧਰ ਉੱਤੇ ਸਰਕਾਰ ਵੱਲੋਂ ਕਾਨੂੰਨੀ, ਸਮਾਜਿਕ ਅਤੇ ਆਰਥਿਕ ਕਦਮ ਚੁੱਕੇ ਗਏ। ਔਰਤਾਂ ਵੀ ਰਾਜਨੀਤਿਕ ਤੌਰ 'ਤੇ ਜਾਗਰੂਕ ਹੋਈਆਂ ਅਤੇ ਉਨ੍ਹਾਂ ਨੇ ਖੇਤਰੀ ਅਤੇ ਰਾਸ਼ਟਰੀ ਰਾਜਨੀਤੀ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ।

## ਔਰਤਾਂ ਸਬੰਧੀ ਸੰਵਿਧਾਨਿਕ ਵਿਵਸਥਾਵਾਂ

## Constitutional Provisions Regarding Women

International Journal of Research in Economics and Social Sciences(IJRESS)
Available online at: http://euroasiapub.org
Vol. 9 Issue 3, March- 2019
ISSN(o): 2249-7382 | Impact Factor: 6.939 |

1947 ਵਿੱਚ ਆਜ਼ਾਦੀ ਪ੍ਰਾਪਤ ਕਰਨ ਤੋਂ ਬਾਅਦ ਭਾਰਤ ਇੱਕ ਗਣਤੰਤਰ ਦੇਸ਼ ਬਣਿਆ । ਭਾਰਤੀ ਸੰਵਿਧਾਨ ਵਿਚ ਸੰਸਦੀ ਸ਼ਾਸਨ ਪ੍ਰਣਾਲੀ ਨੂੰ ਅਪਣਾਇਆ ਗਿਆ । ਸਰਕਾਰ ਵੱਖ-ਵੱਖ ਪੱਧਰਾਂ 'ਤੇ ਕੰਮ ਕਰਦੀ ਹੈ । ਸਿਖਰਲੇ ਪੱਧਰ 'ਤੇ ਰਾਸ਼ਟਰੀ ਸਰਕਾਰਅਤੇ ਰਾ ਜਾਂ ਵਿਚ ਰਾਜ ਸਰਕਾਰਾਂ ਦੀ ਵਿਵਸਥਾ ਹੈ । ਕੇਂਦਰੀ ਪੱਧਰ 'ਤੇ ਸੰਸਦ ਦੇ ਦੋ ਸਦਨ ਹਨ ਜਿਸ ਵਿੱਚ ਉਪਰਲੇ ਸਦਨ ਨੂੰ ਰਾਜ ਸਭਾ ਅਤੇ ਹੇਠਲੇ ਸਦਨ ਨੂੰ ਲੋਕ ਸਭਾ ਕਿਹਾ ਜਾਂਦਾ ਹੈ । ਕੇਂਦਰ ਦੀ ਤਰ੍ਹਾਂ ਰਾਜ ਪੱਧਰ ਉੱਤੇ ਵੀ ਸੰਸਦੀ ਸ਼ਾਸਨ ਪ੍ਰਣਾਲੀ ਨੂੰ ਅਪਣਾਇਆ ਗਿਆ ਹੈ ਜਿੱਥੇ ਉਪਰਲੇ ਸਦਨ ਨੂੰ ਵਿਧਾਨ ਪਰਿਸ਼ਦ ਅਤੇ ਹੇਠਲੇ ਸਦਨ ਨੂੰ ਵਿਧਾਨ ਸਭਾ ਕਿਹਾ ਜਾਂਦਾ ਹੈ । ਉਪਰਲੇ ਸਦਨ ਨੂੰ ਸਬੰਧਿਤ ਰਾਜ ਦੀ ਵਿਧਾਨ ਸਭਾ ਦੀ ਸੰਸਦ ਸਿਫ਼ਾਰਸ਼ ਉੱਤੇ ਖਤਮ ਜਾਂ ਸਥਾਪਿਤ ਕੀਤਾ ਜਾ ਸਕਦਾ ਹੈ । ਹੇਠਲੇ ਪੱਧਰ 'ਤੇ ਲੋਕਤੰਤਰ ਸਥਾਪਤ ਕਰਨ ਲਈ ਸਥਾਨਕ ਸਵੈ -ਸ਼ਾਸਨ ਸਰਕਾਰਾਂ ਦੀ ਸ਼ਹਿਰੀ ਅਤੇ ਪੇਂਡੂ ਖੇਤਰਾਂ ਲਈ ਵਿਵਸਥਾ ਕੀਤੀ ਗਈ ਹੈ , ਜਿਨ੍ਹਾਂ ਨੂੰ ਪੰਚਾਇਤੀ ਰਾਜ ਸੰਸਥਾਵਾਂ ਕਿਹਾ ਜਾਂਦਾ ਹੈ। ਇਨ੍ਹਾਂ ਦੀ ਮੌਜੂਦਾ ਵਿਵਸਥਾ ਸੰਵਿਧਾਨ ਦੀ 73ਵੀਂ ਅਤੇ **74**ਵੀਂ ਸੰਵਿਧਾਨਕ ਸੋਧ ਦੁਆਰਾ ਕੀਤੀ ਗਈ ਸੀ। ਇੱਥੇ ਤਿੰਨ ਪੱਧਰੀ ਵਿਵਸਥਾ ਨੂੰ ਅਪਣਾਇਆ ਗਿਆ ਹੈ। ਜ਼ਿਲ੍ਹਾ ਪੱਧਰ(ਪੇਂਡੂ ਖੇਤਰਾਂ ਦੀ ਪ੍ਰਤੀਨਿਧਤਾ ਕਰਨ ਲਈ) ਉੱਤੇ ਜ਼ਿਲ੍ਹਾ ਪਰਿਸ਼ਦ, ਬਲਾਕ ਪੱਧਰ ਉੱਤੇ ਬਲਾਕ ਸੰਮਤੀ ਅਤੇ ਪਿੰਡ ਪੱਧਰ 'ਤੇ ਗ੍ਰਾਮ ਸਭਾ ਅਤੇ ਗ੍ਰਾਮ ਪੰਚਾਇਤ ਦੀ ਵਿਵਸਥਾ ਕੀਤੀ ਗਈ ਹੈ । ਸ਼ਹਿਰੀ ਖੇਤਰਾਂ ਲਈ ਆਬਾਦੀ ਦੇ ਆਧਾਰ 'ਤੇ ਪੇਂਡੂ ਖੇਤਰ ਤੋਂ ਸ਼ਹਿਰੀ ਖੇਤਰ ਵਿਚ ਤਬਦੀਲ ਹੋ ਰਹੇ ਇਲਾਕੇ ਲਈ ਨਗਰ ਪੰਚਾਇਤ , ਛੋਟੇ ਸ਼ਹਿਰਾਂ ਲਈ ਨਗਰ ਪਾਲਿਕਾ , ਵਿਸ਼ਾਲ ਸ਼ਹਿਰਾਂ ਲਈ ਨਗਰ ਨਿਗਮਾਂ ਦੀ ਵਿਵਸਥਾ ਕੀਤੀ ਗਈ ਹੈ।

ਭਾਰਤ ਇੱਕ ਲੋਕਤੰਤਰੀ ਦੇਸ਼ ਹੋਣ ਕਰਕੇ ਇਸ ਦੇ ਸੰਵਿਧਾਨ ਦੇ ਵੱਖ-ਵੱਖ ਭਾਗਾਂ ਵਿੱਚ ਬਰਾਬਰਤਾ ਦੇ ਸਿਧਾਂਤ ਨੂੰ ਮਾਨਤਾ ਦਿੱਤੀ ਗਈ ਹੈ ਜਿਸ ਅਨੁਸਾਰ ਇਸਤਰੀ ਅਤੇ ਮਰਦ ਵਿਚਕਾਰ ਲਿੰਗ ਆਧਾਰ 'ਤੇ ਵਿਤਕਰੇ ਦੀ ਮਨਾਹੀ ਕੀਤੀ ਗਈ ਹੈ। ਉਪਰੋਕਤ ਦਰਸਾਈਆਂ ਗਈਆਂ ਲੋਕਤੰਤਰੀ ਸੰਸਥਾਵਾਂ ਵਿੱਚ ਬਿਨਾਂ ਕਿਸੇ ਵਿਤਕਰੇ ਤੋਂ ਔਰਤਾਂ ਅਤੇ ਮਰਦਾਂ ਨੂੰ ਅਧਿਕਾਰ ਦੇਣ ਦੀ ਵੱਖ- ਵੱਖ ਧਰਾਵਾਂ ਵਿੱਚ ਵਿਵਸਥਾ ਕੀਤੀ ਗਈ ਹੈ। ਜਿਨ੍ਹਾਂ ਦਾ ਵਰਣਨ ਅਸੀਂ ਹੇਠ ਲਿਖੇ ਅਨੁਸਾਰ ਕਰ ਸਕਦੇ ਹਾਂ:

1. **ਪ੍ਰਸਤਾਵਨਾ (Preamble):** ਪ੍ਰਸਤਾਵਨਾ ਨੂੰ ਭਾਰਤ ਦੇ ਸੰਵਿਧਾਨ ਦੀ ਕੁੰਜੀ ਮੰਨਿਆ ਜਾਂਦਾ ਹੈ ਕਿਉਂਕਿ ਇਸ ਵਿੱਚ ਦਰਸਾਏ ਗਏ ਸਿਧਾਂਤਾਂ ਨੂੰ ਭਾਰਤੀ ਸੰਵਿਧਾਨ ਦੇ ਵੱਖ-ਵੱਖ ਭਾਗਾਂ ਵਿੱਚ ਦੇਖਿਆ ਜਾ ਸਕਦਾ ਹੈ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸਮਾਜਿਕ , ਆਰਥਿਕ, ਰਾਜਨੀਤਿਕ ਨਿਆਂ; ਸੋਚਣ, ਵਿਚਾਰਾਂ ਦੇ ਪ੍ਰਗਟਾਵੇ ,

International Journal of Research in Economics and Social Sciences(IJRESS)
Available online at: http://euroasiapub.org
Vol. 9 Issue 3, March- 2019
ISSN(o): 2249-7382 | Impact Factor: 6.939 |

ਵਿਸ਼ਵਾਸ਼, ਧਰਮ, ਪੂਜਾ ਦੀ ਸੁਤੰਤਰਤਾ , ਪਦਵੀ ਅਤੇ ਮੌਕੇ ਦੀ ਸਮਾਨਤਾ , ਦੇ ਸਿਧਾਂਤਾਂ ਨੂੰ ਜਗ੍ਹਾ ਦਿੱਤੀ ਗਈ ਹੈ, ਜੋ ਕਿ ਭਾਰਤ ਦੇ ਸਾਰੇ ਨਾਗਰਿਕਾਂ ਲਈ ਬਿਨਾਂ ਲੈਂਗਿਕ ਭੇਦ ਭਾਵ ਦੇ ਬਰਾਬਰਤਾ ਵਾਲੇ ਸਮਾਜ ਦੇ ਰਾਜਨੀਤਕ ਵਿਵਸਥਾ ਦਾ ਵਾਅਦਾ ਕਰਦੇ ਹਨ।

2. **ਧਾਰਾ- 14, ਕਾਨੂੰਨ ਸਾਹਮਣੇ ਸਮਾਨਤਾ** **(Article-14, Equality before Law ): ਧਾਰਾ- 14** ਅਨੁਸਾਰ ਵਿਵਸਥਾ ਕੀਤੀ ਗਈ ਹੈ ਕਿ , **"**ਭਾਰਤ ਦੇ ਖੇਤਰ ਅੰਦਰ ਰਾਜ ਕਿਸੇ ਵੀ ਵਿਅਕਤੀ ਨੂੰ ਕਾਨੂੰਨ ਦੇ ਸਾਹਮਣੇ ਸਮਾਨਤਾ ਜਾਂ ਕਾਨੂੰਨ ਦੁਆਰਾ ਸਾਮਾਨ ਸੁਰੱਖਿਆ ਤੋਂ ਵਾਂਝਿਆਂ ਨਹੀਂ ਕਰੇਗਾ।**"**

    ਕਾਨੂੰਨ ਸਾਹਮਣੇ ਸਮਾਨਤਾ ਦਾ ਅਧਿਕਾਰ ਭਾਰਤ ਵਿੱਚ ***ਕਾਨੂੰਨ ਦੇ ਸ਼ਾਸਨ*** ਦੀ ਬੁਨਿਆਦ ਹੈ ਅਤੇ ਅਧਿਕਾਰ ਭਾਰਤ ਵਿੱਚ ਰਹਿ ਰਹੇ ਵਿਦੇਸ਼ੀਆਂ ਨੂੰ ਵੀ ਪ੍ਰਾਪਤ ਹੈ ।ਇਸ ਦੇ ਨਾਲ ਇਹ ਵੀ ਯਾਦ ਰਹੇ ਕਿ ਇਹ ਅਧਿਕਾਰ ਕੇਵਲ ਸੰਸਦ ਜਾਂ ਰਾਜ ਵਿਧਾਨ ਮੰਡਲ ਦੁਆਰਾ ਪਾਸ ਕੀਤੇ ਗਏ ਕਾਨੂੰਨਾਂ ਤੋਂ ਹੀ ਰੱਖਿਆ ਨਹੀਂ ਕਰਦਾ, ਸਗੋਂ ਕਾਰਜ-ਪਾਲਿਕਾ ਦੇ ਆਦੇਸ਼ਾਂ ਦੇ ਵਿਰੁੱਧ ਵੀ ਸੁਰੱਖਿਆ ਪ੍ਰਦਾਨ ਕਰਦਾ ਹੈ।

3. **ਧਾਰਾ-15, ਭੇਦ-ਭਾਵ ਦੀ ਮਨਾਹੀ** **(Article-15,Prohibition of Discrimination):** ਰਾਜ ਕਿਸੇ ਵੀ ਨਾਗਰਿਕ ਨਾਲ ਧਰਮ , ਨਸਲ , ਜਾਤ , **ਲਿੰਗ,** ਜਨਮ ਸਥਾਨ ਜਾਂ ਇਨ੍ਹਾਂ ਵਿੱਚੋਂ ਕਿਸੇ ਇੱਕ ਦੇ ਆਧਾਰ ’ਤੇ ਵਿਤਕਰਾ ਨਹੀਂ ਕਰੇਗਾ।

    ਕਿਸੇ ਵੀ ਨਾਗਰਿਕ ਨੂੰ ਧਰਮ , ਨਸਲ , ਜਾਤ , **ਲਿੰਗ,** ਜਨਮ ਸਥਾਨ ਜਾਂ ਇਨ੍ਹਾਂ ਵਿੱਚੋਂ ਕਿਸੇ ਵੀ ਆਧਾਰ ’ਤੇ ਦੁਕਾਨਾਂ, ਜਨਤਕ ਹੋਟਲਾਂ ਅਤੇ ਮਨੋਰੰਜਨ ਦੇ ਸਥਾਨਾਂ ’ਤੇ ਜਾਣ ਦੀ ਮਨਾਹੀ ਨਹੀਂ ਹੋਵੇਗੀ।

    ਰਾਜ ਦੇ ਧਨ ਜਾਂ ਰਾਜ ਦੀ ਸਹਾਇਤਾ ਨਾਲ ਬਣਾਏ ਗਏ ਖੂਹਾਂ , ਤਲਾਬਾਂ, ਇਸ਼ਨਾਨ ਘਾਟਾਂ, ਸੜਕਾਂ, ਸੈਰ ਦੇ ਸਥਾਨਾਂ ’ਤੇ ਭੇਦ-ਭਾਵ ਤੋਂ ਬਿਨਾਂ **ਸਾਰੇ** ਵਿਅਕਤੀਆਂ ਨੂੰ ਜਾਣ ਦੀ ਖੁੱਲ੍ਹ ਹੋਵੇਗੀ।

    **ਧਾਰਾ-15 (3) Article-15 (3)ਅਨੁਸਾਰ, "ਰਾਜ ਇਸਤਰੀਆਂ ਅਤੇ ਬੱਚਿਆਂ ਦੇ ਹਿੱਤਾਂ ਦੀ ਸੁਰੱਖਿਆ ਲਈ ਵਿਸ਼ੇਸ਼ ਪ੍ਰਬੰਧ ਕਰ ਸਕੇਗਾ।"**

4. **ਧਾਰਾ- 16, ਅਵਸਰ ਦੀ ਸਮਾਨਤਾ (Article-16, Equality of Opportunity):** ਰਾਜ ਅਧੀਨ ਕਿਸੇ ਵੀ ਅਹੁਦੇ ’ਤੇ ਨਿਯੁਕਤੀ ਲਈ ਹਰ ਨਾਗਰਿਕ ਨੂੰ ਮੌਕੇ ਦੀ ਸਮਾਨਤਾ ਹੋਵੇਗੀ । ਰਾਜ ਅਧੀਨ ਕਿਸੇ ਵੀ ਅਹੁਦੇ ਜਾਂ ਪਦਵੀ ’ਤੇ ਨਿਯੁਕਤੀ ਸਬੰਧੀ ਧਰਮ , ਨਸਲ , ਜਾਤੀ , **ਲਿੰਗ,** ਵੰਸ਼ , ਜਨਮ ਸਥਾਨ , ਨਿਵਾਸ

International Journal of Research in Economics and Social Sciences(IJRESS)
Available online at: http://euroasiapub.org
Vol. 9 Issue 3, March- 2019
ISSN(o): 2249-7382 | Impact Factor: 6.939 |

ਅਸਥਾਨ ਜਾਂ ਇਨ੍ਹਾਂ ਵਿੱਚੋਂ ਕਿਸੇ ਵੀ ਆਧਾਰ 'ਤੇ ਕਿਸੇ ਵੀ ਨਾਗਰਿਕ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ।

5. **ਧਾਰਾ- 39(a) Article-39 (a):** ਇਸ ਧਾਰਾ ਅਨੁਸਾਰ ਰਾਜਨੀਤੀ -ਨਿਰਮਾਣ ਇਸ ਤਰ੍ਹਾਂ ਕਰੇਗਾ ਕਿ ਸਾਰੇ ਨਾਗਰਿਕਾਂ, ਮਰਦਾਂ ਅਤੇ **ਔਰਤਾਂ** ਨੂੰ ਉਪਜੀਵਕਾ ਦੇ ਸਾਰੇ ਸਾਧਨ ਮਿਲ ਸਕਣ।
6. **ਧਾਰਾ- 39(b) Article-39 (c):** ਇਸ ਧਾਰਾ ਅਨੁਸਾਰ ਭੌਤਿਕ ਸਾਧਨਾਂ ਦੀ ਮਾਲਕੀ ਉੱਤੇ ਕੰਟਰੋਲ ਇਸ ਤਰ੍ਹਾਂ ਹੋਵੇਗਾ ਜਿਸ ਨਾਲ ਸਰਬ ਭਲਾਈ ਹੋ ਸਕੇ।
7. **ਧਾਰਾ- 39(d) Article-39 (d):**ਅਨੁਸਾਰ ਇਸਤਰੀਆਂ ਅਤੇ ਮਰਦਾਂ ਲਈ ਬਰਾਬਰ ਕੰਮ ਲਈ ਬਰਾਬਰ ਮਜ਼ਦੂਰੀ ਦਾ ਪ੍ਰਬੰਧ ਕੀਤਾ ਜਾਵੇਗਾ।
8. **ਧਾਰਾ- 39(e) Article-39 (e):** ਇਸ ਧਾਰਾ ਅਨੁਸਾਰ ਮਜ਼ਦੂਰਾਂ, ਮਰਦਾਂ ਅਤੇ ਇਸਤਰੀਆਂ ਦੀ ਸਿਹਤ ਅਤੇ ਛੋਟੀ ਉਮਰ ਦੇ ਬੱਚਿਆਂ ਦਾ ਦੁਰ -ਪ੍ਰਯੋਗ ਨਹੀਂ ਹੋਣ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਇਹ ਵੀ ਪ੍ਰਬੰਧ ਕੀਤਾ ਜਾਵੇਗਾ ਕਿ ਨਾਗਰਿਕਾਂ ਨੂੰ ਆਪਣੀਆਂ ਆਰਥਿਕ ਲੋੜਾਂ ਤੋਂ ਮ ਜ਼ਬੂਰ ਹੋ ਕੇ ਅਜਿਹੇ ਕਾਰਜ ਨਾ ਕਰਨੇ ਪੈਣ ਜਿਹੜੇ ਉਨ੍ਹਾਂ ਦੀ ਉਮਰ ਅਤੇ ਸ਼ਕਤੀ ਦੇ ਅਨੁਸਾਰ ਨਾ ਹੋਣ।
9. **ਧਾਰਾ- 42, Article-42:** ਇਸ ਧਾਰਾ ਅਨੁਸਾਰ ਰਾਜ ਕੰਮ ਕਰਨ ਲਈ ਉਚਿਤ ਅਤੇ ਮਾਨ ਵੀਂ ਹਾਲਾਤਾਂ ਅਤੇ **ਗਰਭਵਤੀ ਇਸਤਰੀਆਂ ਲਈ ਜਣੇਪੇ ਦੀ ਸਹਾਇਤਾ** ਦੀ ਵਿਵਸਥਾ ਕਰੇਗਾ।
10. **ਧਾਰਾ- 51-A(e) Article-51-A (e):** ਇਸ ਧਾਰਾ ਅਨੁਸਾਰ ਸਾਰੇ ਦੇਸ਼ ਵਾਸੀਆਂ ਦਾ ਇਹ ਫਰਜ਼ ਜਾਂ ਕਰਤੱਵ ਹੋਵੇਗਾ ਕਿ ਧਾਰਮਿਕ ਭਾਸ਼ਾਈ ਅਤੇ ਖੇਤਰੀ ਭਿੰਨਤਾਵਾਂ ਤੋਂ ਉੱਪਰ ਉੱਠ ਕੇ ਸਾਰੇ ਲੋਕਾਂ ਵਿੱਚ ਮੇਲ -ਮਿਲਾਪ ਅਤੇ ਸਾਂਝੇ ਭਾਈਚਾਰੇ ਦੀ ਭਾਵਨਾ ਵਿਕਸਿਤ ਕਰਨਗੇ ਅਤੇ **ਇਸਤਰੀਆਂ ਦੇ ਗੌਰਵ** ਦਾ ਨਿਰਾਦਰ ਕਰਨ ਵਾਲੀਆਂ ਪ੍ਰਥਾਵਾਂ ਦਾ ਤਿਆਗ ਕਰਨਗੇ।
11. **73ਵੀਂਸੰਵਿਧਾਨਕ ਸੋਧ (73rd Constitutional Amendment):** ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਾਰਜਕਾਲ ਦੌਰਾਨ ਇੱਕ ਵਿਆਪਕ ਸੰਵਿਧਾਨ ਸੋਧ ਬਿੱਲ ਤਿਆਰ ਕੀਤਾ ਗਿਆ ਜਿਹੜਾ ਕਿ ਪਾਸ ਨਾ ਹੋ ਸਕਿਆ। ਪ੍ਰੰਤੂ ਸ੍ਰੀ ਰਾਜੀਵ ਗਾਂਧੀ ਦੁਆਰਾ ਆਰੰਭੇ ਹੋਏ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਸ੍ਰੀ ਪੀ .ਵੀ. ਨਰਸਿਮਹਾ ਰਾਓ ਸਰਕਾਰ ਦੀ ਅਗਵਾਈ ਹੇਠ 16 ਸਤੰਬਰ ਉੱਨੀ 1991 ਨੂੰ ਲੋਕ ਸਭਾ ਵਿੱਚ 73ਵਾਂ ਸੰਵਿਧਾਨਿਕ ਸੋਧ ਬਿੱਲ ਸੰਸਦ ਵਿੱਚ ਪੇਸ਼ ਕੀਤਾ ਗਿਆ ਜਿਸ ਨੂੰ ਸੰਸਦ ਦੇ ਦੋਵਾਂ ਸਦਨਾਂ ਦੀ ਸਿਫ਼ਾਰਸ਼ 'ਤੇ

ਸੰਸਦ ਦੇ ਦੋਵਾਂ ਸਦਨਾਂ ਦੀ ਸਾਂਝੀ ਸੰਮਤੀ ਕੋਲ ਭੇਜ ਦਿੱਤਾ ਗਿਆ ਸੀ। ਸਾਂਝੀ ਸੰਮਤੀ ਦੀ ਰਿਪੋਰਟ ਦੇ ਆਧਾਰ 'ਤੇ ਲੋਕ ਸਭਾ ਦੁਆਰਾ 22 ਦਸੰਬਰ ਅਤੇ ਰਾਜ ਸਭਾ ਦੁਆਰਾ 23 ਦਸੰਬਰ 1992 ਨੂੰ 73 ਵੀਂ ਸੰਵਿਧਾਨਕ ਸੋਧ ਪਾਸ ਕੀਤੀ ਗਈ । ਅੱਧੇ ਤੋਂ ਵੱਧ ਰਾਜ ਵਿਧਾਨ ਮੰਡਲਾਂ ਦੀ ਪੁਸ਼ਟੀ ਪਿੱਛੋਂ ਰਾਸ਼ਟਰਪਤੀ ਦੁਆਰਾ 20 ਅਪ੍ਰੈਲ **1993** ਨੂੰ ਇਸ ਸੋਧ ਬਿੱਲ 'ਤੇ ਪ੍ਰਵਾਨਗੀ ਦੇ ਦਿੱਤੀ ਗਈ ਅਤੇ ਇੱਕ ਅਧਿਸੂਚਨਾ ਰਾਹੀਂ 24 ਅਪ੍ਰੈਲ **1993** ਨੂੰ ਇਸ ਸੋਧ ਨੂੰ ਲਾਗੂ ਕਰ ਦਿੱਤਾ ਗਿਆ। ਇਸ ਸੋਧ ਦੁਆਰਾ ਵੱਖ-ਵੱਖ ਧਰਾਵਾਂ ਹੇਠ ਪੰਚਾਇਤੀ ਰਾਜ ਸੰਸਥਾਵਾਂ ਵਿੱਚ **ਇਸਤਰੀਆਂ** ਲਈ ਸਥਾਨ ਰਾਖਵੇਂ ਰੱਖੇ ਜਾਣ ਦੀ ਵਿਵਸਥਾ ਕੀਤੀ ਗਈ।

(i) **ਧਾਰਾ 243-(D) (2), Article 243-(D) (2):** ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ ਰਾਖਵੇਂ ਰੱਖੇ ਗਏ ਸਥਾਨਾਂ ਵਿੱਚੋਂ ਘੱਟ ਤੋਂ ਘੱਟ 1 /3 ਸਥਾਨ ਇਨ੍ਹਾਂ ਜਾਤੀਆਂ ਦੀਆਂ ਇਸਤਰੀਆਂ ਲਈ ਰਾਖਵੇਂ ਰੱਖੇ ਜਾਣਗੇ।

(ii) **ਧਾਰਾ 243-(D) (3), Article 243-(D) (3):** ਕੁੱਲ ਸਥਾਨਾਂ ਦਾ 1/**3** ਭਾਗ ਇਸਤਰੀਆਂ ਲਈ ਰਾਖਵਾਂ ਰੱਖਿਆ ਜਾਵੇਗਾ ਜਿਹੜਾ ਕਿ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀਆਂ ਇਸਤਰੀਆਂ ਲਈ ਰਾਖਵੇਂ ਰੱਖੇ ਗਏ ਸਥਾਨਾਂ ਤੋਂ ਇਲਾਵਾ ਹੋਵੇਗਾ।ਇਹ ਸੀਟਾਂ ਰੋਟੇਸ਼ਨ ਅਨੁਸਾਰ ਵੱਖ-ਵੱਖ ਹਲਕਿਆਂ ਵਿੱਚ ਦਿੱਤੀਆਂ ਜਾਣਗੀਆਂ।

(iii) **ਧਾਰਾ 243-(D) (4), Article 243-(D) (4):**ਵੱਖ-ਵੱਖ ਪੱਧਰਾਂ ਦੀਆਂ ਪੰਚਾਇਤਾਂ ਦੇ ਪ੍ਰਧਾਨਾਂ ਦੀਆਂ ਪਦਵੀਆਂ ਦੀ ਕੁੱਲ ਗਿਣਤੀ ਦਾ ਇੱਕ ਤਿਹਾਈ ਭਾਗ ਇਸਤਰੀਆਂ ਲਈ ਰਾਖਵਾਂ ਰੱਖਿਆ ਜਾਵੇਗਾ।

ਇਨ੍ਹਾਂ ਵਿਵਸਥਾਵਾਂ ਤੋਂ ਇਲਾਵਾ ਰਾਜ ਵਿਧਾਨ ਮੰਡਲ ਕਾਨੂੰਨ ਦੁਆਰਾ ਕਿਸੇ ਵੀ ਪੱਛੜੀ ਸ਼੍ਰੇਣੀ ਜਾਂ ਔਰਤਾਂ ਲਈ ਪੰਚਾਇਤਾਂ ਵਿੱਚ ਸਥਾਨ ਰਾਖਵੇਂ ਰੱਖਣ ਦੀ ਵਿਵਸਥਾ ਕਰ ਸਕਦਾ ਹੈ । ਇਸ ਵਿਵਸਥਾ ਤਹਿਤ ਪੰਜਾਬ ਵਿੱਚ ਪੰਚਾਇਤੀ ਰਾਜ ਲਈ 50 ਪ੍ਰਤੀਸ਼ਤ ਸੀਟਾਂ ਇਸਤਰੀਆਂ ਲਈ ਰਾਖਵੀਆਂ ਰੱਖੀਆਂ ਗਈਆਂ ਹਨ । ਕੇਂਦਰੀ ਮੰਤਰੀ ਮੰਡਲ ਦੁਆਰਾ ਵੀ 27 ਅਗਸਤ **2009** ਨੂੰ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਇਸਤਰੀਆਂ ਲਈ 59 ਪ੍ਰਤੀਸ਼ਤ ਸੀਟਾਂ ਰਾਖਵੀਆਂ ਰੱਖੇ ਜਾਣ ਦਾ ਫੈਸਲਾ ਕੀਤਾ ਸੀ। ਪਰ ਇਹ ਫੈਸਲਾ ਹਾਲੇ ਤੱਕ ਲਾਗੂ ਨਹੀਂ ਹੋ ਸਕਿਆ।

International Journal of Research in Economics and Social Sciences(IJRESS)
Available online at: http://euroasiapub.org
Vol. 9 Issue 3, March- 2019
ISSN(o): 2249-7382 | Impact Factor: 6.939 |

ਭਾਰਤ ਦੇ ਕਾਨੂੰਨੀ ਸੰਵਿਧਾਨਿਕ ਢਾਂਚੇ ਵਿੱਚ ਸਮਾਜਵਾਦੀ ਦ੍ਰਿਸ਼ਟੀਕੋਣ ਅਤੇ ਉਦਾਰਵਾਦੀ ਲੋਕਤੰਤਰ ਦਾ ਸੁਮੇਲ ਨਜ਼ਰ ਆਉਂਦਾ ਹੈ। ਭਾਰਤੀ ਸੰਵਿਧਾਨ ਵਿੱਚ ਇਨ੍ਹਾਂ ਵਿਵਸਥਾਵਾਂ ਦੇ ਹੋਣ ਦੇ ਬਾਵਜੂਦ ਵੀ ਕਈ ਦਹਾਕਿਆਂ ਤੋਂ ਬਾਅਦ ਵੀ ਭਾਰਤੀ ਔਰਤਾਂ ਦੀ ਰਾਜਨੀਤੀ ਵਿੱਚ ਭਾਗੀਦਾਰੀ ਬਹੁਤ ਘੱਟ ਰਹੀ ਹੈ । ਔਰਤਾਂ ਨੂੰ ਦਿੱਤੇ ਗਏ ਇਹ ਅਧਿਕਾਰ ਭਰਮਾਉਣ ਵਾਲੇ ਦਿਖਾਈ ਦਿੰਦੇ ਹਨ ਅਤੇ ਇਹ ਸੰਵਿਧਾਨਕ ਉਦੇਸ਼ਾਂ ਦੀ ਪੂਰਤੀ ਕਰਦੇ ਹੋਏ ਨਹੀਂ ਦਿਖਾਈ ਦਿੰਦੇ ਹਨ। ਭਾਵੇਂ ਧਾਰਾ **325** ਅਤੇ 326 ਕ੍ਰਮਵਾਰ ਰਾਜਨੀਤਿਕ ਬਰਾਬਰਤਾ , ਰਾਜਨੀਤਿਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਅਤੇ ਵੋਟ ਦਾਬਰਾਬਰ ਅਧਿਕਾਰ ਪ੍ਰਦਾਨ ਕਰਦੀਆਂਹਨ । ਪਰ ਇਹ ਦੇਖਿਆ ਗਿਆ ਹੈ ਕਿ ਅੱਜ ਵੀ ਇਸਤਰੀਆਂ ਦੇ ਬਹੁਤ ਵੱਡੇ ਹਿੱਸੇ ਲਈ ਇਹ ਅਧਿਕਾਰ ਇੱਕ ਸੁਪਨਾ ਹਨ । ਰਾਜਨੀਤਕ ਸੰਸਥਾਵਾਂ ਵਿੱਚ ਇਸਤਰੀਆਂ ਬਹੁਤ ਘੱਟ ਭਾਗੀਦਾਰੀ ਹੋਣ ਕਰਕੇ ਉਨ੍ਹਾਂ ਦੀ ਗਿਣਤੀ ਨੀਤੀ-ਨਿਰਮਾਣ ਵਾਲੀਆਂ ਸੰਸਥਾਵਾਂ ਵਿੱਚ ਬਹੁਤ ਘੱਟ ਰਹੀ ਹੈ।

ਆਜ਼ਾਦੀ ਤੋਂ ਬਾਅਦ ਵੀ ਭਾਰਤੀ ਇਸਤਰੀਆਂ ਰਵਾਇਤੀ ਗਤੀਵਿਧੀਆਂ ਜਿਵੇਂ ਵਾਤਾਵਰਣ ਸਬੰਧੀ ਅੰਦੋਲਨ , ਸ਼ਾਂਤੀ ਅੰਦੋਲਨ ਇੱਥੋਂ ਤੱਕ ਇਨਕਲਾਬੀ ਗਤੀਵਿਧੀਆਂ ਵਿੱਚ ਹਿੱਸਾ ਲੈਂਦੀਆਂ ਰਹੀਆਂ ਜਿਨ੍ਹਾਂ ਵਿੱਚ ਸ਼ਕਤੀ ਅਤੇ ਰਾਜ ਨੂੰ ਪ੍ਰਭਾਵਿਤ ਕਰਨ ਦੀ ਵੀ ਸਮਰੱਥਾ ਸੀ। ਫਿਰ ਵੀ ਰਾਜਨੀਤੀ ਨੂੰ ਔਰਤਾਂ ਲਈ ਇੱਕ ਘ੍ਰਿਣਾ ਯੋਗ ਖੇਤਰ ਮੰਨਿਆ ਗਿਆ ਅਤੇ ਮਰਦਾਂ ਦੀ ਪ੍ਰਧਾਨਤਾ ਇਸ ਖੇਤਰ ਉੱਤੇ ਬਣੀ ਰਹੀ ਹੈ। ਸੰਸਦ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਇਸਤਰੀਆਂ ਦੀ ਸਹਿਭਾਗਤਾ ਬਹੁਤ ਘੱਟ ਰਹੀ ਹੈ । ਸੰਸਦ ਵਿੱਚ ਉਨ੍ਹਾਂ ਦੀ ਪ੍ਰਤੀਨਿਧਤਾ 10 **.8** ਪ੍ਰਤੀਸ਼ਤ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਔਰਤਾਂ ਨੂੰ ਕੁਝ ਸੀਟਾਂ ਇਨ੍ਹਾਂ ਸੰਸਥਾਵਾਂ ਵਿੱਚ ਮਿਲੀਆਂ ਹਨ ਪਰ ਇਹ ਉਨ੍ਹਾਂ ਦੀ ਆਬਾਦੀ ਅਨੁਸਾਰ ਇਹ ਗਿਣਤੀ ਬਹੁਤ ਘੱਟ ਹੈ।

1952 ਵਿੱਚ ਹੋਈਆਂ ਪਹਿਲੀਆਂ ਲੋਕ ਸਭਾ ਚੋਣਾਂ ਵਿੱਚ ਸਿਰਫ਼ 22 ਇਸਤਰੀਆਂ, **1957** ਦੀਆਂ ਲੋਕ ਸਭਾ ਚੋਣਾਂ ਵਿੱਚ 27 ਇਸਤਰੀਆਂ, 1962 ਦੀਆਂ ਲੋਕ ਸਭਾ ਚੋਣਾਂ ਵਿੱਚ 34 ਇਸਤਰੀਆਂ, 1967 ਦੀਆਂ ਲੋਕ ਸਭਾ ਚੋਣਾਂ ਵਿੱਚ 31 ਇਸਤਰੀਆਂ, 1971 ਦੀਆਂ ਲੋਕ ਸਭਾ ਚੋਣਾਂ ਵਿੱਚ 22 ਇਸਤਰੀਆਂ, 1977 ਦੀਆਂ ਲੋਕ ਸਭਾ ਚੋਣਾਂ ਵਿੱਚ 19 ਇਸਤਰੀਆਂ, 1980 ਦੀਆਂ ਲੋਕ ਸਭਾ ਚੋਣਾਂ ਵਿੱਚ 19 ਇਸਤਰੀਆਂ, 1984 ਦੀਆਂ ਲੋਕ ਸਭਾ ਚੋਣਾਂ ਵਿੱਚ 44 ਇਸਤਰੀਆਂ, 1989 ਦੀਆਂ ਲੋਕ ਸਭਾ ਚੋਣਾਂ ਵਿੱਚ 27 ਇਸਤਰੀਆਂ, 1991 ਦੀਆਂ ਲੋਕ ਸਭਾ ਚੋਣਾਂ ਵਿੱਚ 39 ਇਸਤਰੀਆਂ, 1996 ਦੀਆਂ ਲੋਕ ਸਭਾ ਚੋਣਾਂ ਵਿੱਚ 39 ਇਸਤਰੀਆਂ, 1998 ਦੀਆਂ ਲੋਕ ਸਭਾ ਚੋਣਾਂ ਵਿੱਚ 43 ਇਸਤਰੀਆਂ, 1999 ਦੀਆਂ ਲੋਕ ਸਭਾ ਚੋਣਾਂ ਵਿੱਚ 49 ਇਸਤਰੀਆਂ, 2004 ਦੀਆਂ ਲੋਕ ਸਭਾ ਚੋਣਾਂ ਵਿੱਚ 44

International Journal of Research in Economics and Social Sciences(IJRESS)
Available online at: http://euroasiapub.org
Vol. 9 Issue 3, March- 2019
ISSN(o): 2249-7382 | Impact Factor: 6.939 |

ਇਸਤਰੀਆਂ, 2009 ਦੀਆਂ ਲੋਕ ਸਭਾ ਚੋਣਾਂ ਵਿੱਚ 52 ਇਸਤਰੀਆਂ, 2014 ਦੀਆਂ ਲੋਕ ਸਭਾ ਚੋਣਾਂ ਵਿੱਚ 64 ਇਸਤਰੀਆਂ, 2019 ਦੀਆਂ ਲੋਕ ਸਭਾ ਚੋਣਾਂ ਵਿੱਚ 78 ਇਸਤਰੀਆਂ ਲੋਕ ਸਭਾ ਲਈ ਚੁਣੀਆਂ ਗਈਆਂ। ਇਹ ਸੰਖਿਆ ਪਹਿਲੀ ਲੋਕ ਸਭਾ ਦੇ ਮੁਕਾਬਲੇ ਕਾਫੀ ਜ਼ਿਆਦਾ ਲਗਦੀ ਹੈ ਪਰ ਫਿਰ ਵੀ ਇਹ ਕੁੱਲ 550 ਸੀਟਾਂ ਦਾ ਲੱਗਭਗ14 % ਬਣਦਾ ਹੈ ਅਤੇ ਇਨ੍ਹਾਂ ਵਿੱਚੋਂ ਜ਼ਿਆਦਾਤਰ ਔਰਤਾਂ ਵੱਡੇ ਨੇਤਾਵਾਂ ਦੇ ਪਰਿਵਾਰਾਂ ਵਿੱਚੋਂ ਜਾਂ ਵੱਡੇ ਘਰਾਣਿਆਂ ਵਿੱਚੋਂ ਹਨ।

**1952** ਵਿੱਚ ਜਦੋਂ ਪਹਿਲੀ ਰਾਜ ਸਭਾ ਦਾ ਗਠਨ ਕੀਤਾ ਗਿਆ ਉਸ ਵਿੱਚ ਸਿਰਫ਼ 15 ਇਸਤਰੀਆਂ ਨੂੰ ਨੁਮਾਇੰਦਗੀ ਮਿਲੀ। **1954** ਵਿੱਚ **16, 1956** ਵਿੱਚ **20, 1958** ਵਿੱਚ **22, 1960** ਵਿੱਚ **24, 1962** ਵਿੱਚ **17, 1964** ਵਿੱਚ **21, 1966** ਵਿੱਚ **23, 1968** ਵਿੱਚ **22, 1970** ਵਿੱਚ**14, 1972** ਵਿੱਚ **18, 1974** ਵਿੱਚ **17, 1976** ਵਿੱਚ **24,1978** ਵਿੱਚ **25, 1980** ਵਿੱਚ **29, 1982** ਵਿੱਚ **24, 1984** ਵਿੱਚ **24, 1986** ਵਿੱਚ **28, 1988** ਵਿੱਚ **25, 1990** ਵਿੱਚ **24, 1992** ਵਿੱਚ **17, 1994** ਵਿੱਚ **20, 1996** ਵਿੱਚ **19, 1998** ਵਿੱਚ **19, 2000** ਵਿੱਚ **22, 2002** ਵਿੱਚ **25, 2004** ਵਿੱਚ **28, 2006** ਵਿੱਚ **18, 2008** ਵਿੱਚ **24, 2010** ਵਿੱਚ **27, 2012** ਵਿੱਚ **24, 2014** ਵਿੱਚ **31, 2016** ਵਿੱਚ **27** ਅਤੇ **2020** ਵਿੱਚ **24** ਇਸਤਰੀਆਂ ਨੂੰ ਰਾਜ ਸਭਾ ਵਿਚ ਪ੍ਰਤੀਨਿਧਤਾ ਮਿਲੀ। ਮੌਜੂਦਾ ਸਮੇਂ ਰਾਜ ਸਭਾ ਵਿੱਚ ਕੁੱਲ ਸੀਟਾਂ ਦੀ ਸੰਖਿਆ ਦਾ ਇਹ ਲੱਗਭਗ ਦਸ ਪ੍ਰਤੀਸ਼ਤ ਬਣਦਾ ਹੈ ਜੋ ਕਿ ਬਹੁਤ ਘੱਟ ਸੰਖਿਆ ਹੈ। ਕੇਂਦਰੀ ਮੰਤਰੀ ਮੰਡਲ ਵਿੱਚ ਔਰਤਾਂ ਦੀ ਪ੍ਰਤੀਨਿਧਤਾ ਨਾ ਮਾਤਰ ਹੀ ਰਹੀ ਹੈ। ਇਸੇ ਤਰ੍ਹਾਂ ਦਾ ਹਾਲ ਰਾਜ ਵਿਧਾਨ ਮੰਡਲਾਂ ਅਤੇ ਰਾਜ ਮੰਤਰੀ ਮੰਡਲਾਂ ਦਾ ਹੈ।

ਇਸ ਸਥਿਤੀ ਦੇ ਲਈ ਬਹੁਤ ਸਾਰੇ ਕਾਰਕ ਜ਼ਿੰਮੇਵਾਰ ਹਨ । ਆਜ਼ਾਦੀ ਦੀ ਲਹਿਰ ਦਾ ਇਤਿਹਾਸ ਇਹ ਦਰਸਾਉਂਦਾ ਹੈ ਕਿ ਵੱਡੀ ਗਿਣਤੀ ਵਿੱਚ ਔਰਤਾਂ ਨੇ ਆਜ਼ਾਦੀ ਦੀ ਲਹਿਰ ਵਿੱਚ ਹਿੱਸਾ ਲਿਆ ਸੀ । ਪਰ ਆਜ਼ਾਦੀ ਤੋਂ ਬਾਅਦ ਔਰਤਾਂ ਦੀ ਰਾਜਨੀਤੀ ਵਿੱਚ ਸ਼ਮੂਲੀਅਤ ਘੱਟਦੀ ਗਈ । ਨਹਿਰੂ- ਗਾਂਧੀ ਯੁੱਗ ਦੀ ਵਿਚਾਰਧਾਰਾ ਪੂਰੀ ਤਰ੍ਹਾਂ ਅਲੋਪ ਹੋ ਚੁੱਕੀ ਹੈ। ਲੈਂਗਿਕ ਮੁੱਦਾ ਅੱਜ ਇਸਤਰੀਆਂ ਦੇ ਰਾਜਨੀਤਿਕ ਸ਼ਸ਼ਕਤੀਕਰਨ ਵਿੱਚ ਸਭ ਤੋਂ ਵੱਡੀ ਰੁਕਾਵਟ ਬਣ ਗਿਆ ਹੈ। ਰਵਾਇਤੀ ਕਿਰਤ ਵੰਡ , ਅਨਪੜ੍ਹਤਾ, ਆਰਥਿਕ ਰੁਕਾਵਟਾਂ, ਚੋਣ ਪ੍ਰਣਾਲੀ ਦੀ ਕਿਸਮ , ਲੋੜੀਂਦੀ ਸਿਖਲਾਈ ਦੀ ਘਾਟ ਆਦਿ ਔਰਤਾਂ ਨੂੰ ਰਾਜਨੀਤੀ ਤੋਂ ਦੂਰ ਰੱਖਦੇ ਆ ਰਹੇ ਹਨ । ਇਸ ਤੋਂ ਇਲਾਵਾ ਭਾਰਤ ਵਿੱਚ ਚੋਣਾਂ ਬਹੁਤ ਮਹਿੰਗੀਆਂ ਬਣ ਗਈਆਂ ਹਨ ਅਤੇ ਆਮ ਵਿਅਕਤੀ ਦਾ ਚੋਣਾਂ ਲੜਨਾ ਲਗਭਗ ਅਸੰਭਵ ਹੈ । ਖਾਸ ਤੌਰ 'ਤੇ ਔਰਤਾਂ ਇੰਨਾ ਜ਼ਿਆਦਾ ਧਨ ਚੋਣਾਂ ਲਈ ਇਕੱਠਾ ਨਹੀਂ ਕਰ ਸਕਦੀਆਂ ਜਿਸ ਕਰਕੇ ਉਹ ਚੋਣਾਂ ਵਿੱਚ ਹਿੱਸਾ ਲੈਣ ਤੋਂ ਵਾਂਝੀਆਂ

International Journal of Research in Economics and Social Sciences(IJRESS)
Available online at: http://euroasiapub.org
Vol. 9 Issue 3, March- 2019
ISSN(o): 2249-7382 | Impact Factor: 6.939 |

ਰਹਿ ਜਾਂਦੀਆਂ ਹਨ। ਸੱਤਾ, ਸ਼ਕਤੀ ਦੇ ਕੇਂਦਰੀਕਰਨ ਅਤੇ ਭ੍ਰਿਸ਼ਟਾਚਾਰ ਔਰਤਾਂ ਦੀ ਰਾਜਨੀਤਿਕ ਭਾਗੀਦਾਰੀ ਵਿੱਚ ਵੱਡੀਆ ਰੁਕਾਵਟਾਂ ਹਨ।

ਭਾਰਤ ਵਿੱਚ ਬਹੁਤ ਸਾਰੇ ਇਸਤਰੀਆਂ ਦੇ ਸੰਗਠਨ ਮੌਜੂਦ ਹਨ ਪਰ ਇਨ੍ਹਾਂ ਵਿੱਚ ਵੀ ਕਿਤੇ ਨਾ ਕਿਤੇ ਪੁਰਸ਼ਵਾਦੀ ਰਾਜਨੀਤੀ ਭਾਰੂ ਰਹਿੰਦੀ ਹੈ ਅਤੇ ਇਨ੍ਹਾਂ ਗਰੁੱਪਾਂ ਨੂੰ ਪਰਦੇ ਪਿੱਛੇ ਚਲਾਉਣ ਵਾਲੇ ਪੁਰਸ਼ਾਂ ਇਨ੍ਹਾਂ ਗਰੁੱਪਾਂ ਵਿੱਚ ਉੱਚ ਅਹੁਦਿਆਂ 'ਤੇ ਬੈਠੀਆਂ ਇਸਤਰੀਆਂ ਨੂੰ ਕੱਠ ਪੁਤਲੀਆਂ ਦੀ ਤਰ੍ਹਾਂ ਵਰਤਦੇ ਹਨ । ਰਾਜਨੀਤਕ ਦਲਾਂ ਵਿੱਚ ਵੀ ਔਰਤਾਂ ਨੂੰ ਬਹੁਤ ਹੀ ਜ਼ਿਆਦਾ ਮਹੱਤਤਾ ਨਹੀਂ ਦਿੱਤੀ ਜਾਂਦੀ ਸਿਰਫ ਰਾਜਨੀਤਿਕ ਮਜ਼ਬੂਰੀਆਂ ਕਰਕੇ ਕੁਝ ਔਰਤਾਂ ਨੂੰ ਇਹ ਰਾਜਨੀਤਿਕ ਪਾਰਟੀਆਂ ਅੱਗੇ ਲੈ ਕੇ ਆਉਂਦੀਆਂ ਹਨ । ਭਾਵੇਂ ਕਿ ਮੌਜੂਦਾ ਸਮੇਂ ਸੋਨੀਆ ਗਾਂਧੀ , ਮਾਇਆਵਤੀ ਅਤੇ ਮਮਤਾ ਬੈਨਰਜੀ ਆਦਿ ਕੁਝ ਅਜਿਹੀਆਂ ਔਰਤਾਂ ਦੀ ਆਂ ਉਦਾਹਰਨਾਂ ਹਨ ਜੋ ਕਿ ਸਬੰਧਿਤ ਰਾਜਨੀਤਕ ਦਲਾਂ ਵਿੱਚ ਸਭ ਤੋਂ ਉਚੇ ਸਥਾਨ 'ਤੇ ਹਨ। ਪਰ ਇਹ ਵੀ ਇਸ ਮਰਦ ਪ੍ਰਧਾਨ ਸਮਾਜ ਵਿੱਚ ਔਰਤਾਂ ਲਈ ਕੁਝ ਖਾਸ ਯਤਨ ਨਹੀਂ ਕਰ ਸਕਦੀਆਂ ਹਨ। ਅਕਸਰ ਜੇਕਰ ਕੋਈ ਸੀਟ ਔਰਤਾਂ ਲਈ ਰਿਜ਼ਰਵ ਹੁੰਦੀ ਹੈ ਤਾਂ ਪਹਿਲ ਸਿਰਫ ਰਾਜਨੀਤੀ ਪਰਿਵਾਰਾਂ ਦੀਆਂ ਔਰਤਾਂ ਨੂੰ ਮਿਲਦੀ ਹੈ ਜਦ ਕਿ ਆਮ ਔਰਤਾਂ ਦਾ ਸੱਤਾ ਵਿੱਚ ਪਹੁੰਚਣਾ ਜਾਂ ਨਿਰਣਾ ਨਿਰਮਾਣ ਦੀ ਸਥਿਤੀ ਵਿੱਚ ਆਉਣਾ ਬਹੁਤ ਮੁਸ਼ਕਿਲ ਹੁੰਦਾ ਹੈ । ਭਾਵੇਂ ਭਾਰਤੀ ਔਰਤਾਂ ਨੇ ਹਰ ਖੇਤਰ ਵਿੱਚ ਜ਼ਿਕਰਯੋਗ ਪ੍ਰਾਪਤੀਆਂ ਕੀਤੀਆਂ ਹਨ ਅਤੇ ਆਪਣੀ ਹੋਂਦ ਨੂੰ ਦਰਸਾਇਆ ਹੈ ਪਰ ਉਹ ਰਾਜਨੀਤੀ ਦੇ ਖੇਤਰ ਵਿੱਚ ਆਪਣੀ ਜਗ੍ਹਾ ਬਣਾਉਣ ਵਿੱਚ ਜ਼ਿਆਦਾ ਸਫਲ ਨਹੀਂ ਹੋ ਸਕੀਆਂ ਹਨ।

ਭਾਵੇਂ ਕਿ ਸਾਰੀਆਂ ਰਾਜਨੀਤਕ ਪਾਰਟੀਆਂ ਹਰ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿੱਚ ਵਾਅਦਾ ਕਰਦੀਆਂ ਹਨ ਕਿ ਉਹ ਸੱਤਾ ਵਿੱਚ ਆਉਣ ਤੋਂ ਬਾਅਦ ਇਸਤਰੀਆਂ ਲਈ 33 ਪ੍ਰਤੀਸ਼ਤਰਾਖਵੇਂਕਰਨ ਦੀ ਮੰਗ ਨੂੰ ਉਠਾਉਣੀਆਂ ਅਤੇ ਲਾਗੂ ਕਰਨ ਦਾ ਯਤਨ ਕਰਨਗੀਆਂ ਪਰ ਸੱਤਾ ਵਿੱਚ ਆਉਣ ਤੋਂ ਬਾਅਦ ਉਹ ਅਕਸਰ ਇਸ ਮੰਗ ਤੋਂ ਪਿੱਛੇ ਹਟ ਜਾਂਦੀਆਂ ਹਨ। ਭਾਵੇਂ ਕਿ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਔਰਤਾਂ ਨੂੰ ਵੱਧ ਨੁਮਾਇੰਦਗੀ ਦੀ ਵਿਵਸਥਾ ਕੀਤੀ ਗਈ । ਪਰ ਇਨ੍ਹਾਂ ਸੰਸਥਾਵਾਂ ਵਿੱਚ ਅਕਸਰ ਇਹ ਦੇਖਣ ਨੂੰ ਮਿਲਦਾ ਹੈ ਕਿ ਜੇਕਰ ਕੋਈ ਸੀਟ ਔਰਤਾਂ ਲਈ ਰਾਖਵੀਂ ਹੋ ਜਾਂਦੀ ਹੈ ਤਾਂ ਉਸ ਸੀਟ 'ਤੇ ਪ੍ਰਭਾਵਸ਼ਾਲੀ ਪਰਿਵਾਰ ਆਪਣੇ ਘਰ ਦੀਆਂ ਔਰਤਾਂ ਨੂੰ ਚੋਣਾਂ ਲੜਾਉਂਦਾ ਹੈ । ਚੋਣਾਂ ਵਿਚ ਜਿੱਤ ਤੋਂ ਬਾਅਦ ਉਨ੍ਹਾਂ ਦੀਆਂ ਸ਼ਕਤੀਆਂ ਦੀ ਵਰਤੋਂ ਅਕਸਰ ਉਨ੍ਹਾਂ ਦੇ ਪਰਿਵਾਰ ਦੇ ਪੁਰਸ਼ ਮੈਂਬਰ ਕਰਦੇ ਹਨ।

## ਭਾਰਤ ਵਿੱਚ ਇਸਤਰੀਆਂ ਦੀ ਦਸ਼ਾ ਸੁਧਾਰਨ ਦੇ ਪੱਖ ਵਿੱਚ ਸੁਝਾਅ

International Journal of Research in Economics and Social Sciences(IJRESS)
Available online at: http://euroasiapub.org
Vol. 9 Issue 3, March- 2019
ISSN(o): 2249-7382 | Impact Factor: 6.939 |

ਭਾਰਤ ਵਿੱਚ ਇਸਤਰੀਆਂ ਦੀ ਦਸ਼ਾ ਨੂੰ ਸੁਧਾਰਨ ਲਈ ਹੇਠ ਲਿਖੇ ਸੁਧਾਰਾਂ ਉੱਤੇ ਅਮਲ ਕੀਤਾ ਜਾ ਸਕਦਾ ਹੈ।

1. **ਸਮਾਜ ਵਿੱਚ ਮਜ਼ਬੂਤ ਲਿੰਗ 'ਤੇ ਆਧਾਰਿਤ ਅਸਮਾਨਤਾਵਾਂ ਨੂੰ ਸਮਾਪਤ ਕਰਨ ਲਈ ਯਤਨ** : ਭਾਰਤੀ ਸਮਾਜ ਵਿੱਚ ਵੱਡੇ ਪੱਧਰ ਉੱਤੇ ਲਿੰਗ ਦੇ ਆਧਾਰ 'ਤੇ ਅਸਾਮਾਨਤਾਦਾਹੁੰਦੀਹੈ। ਇਸ ਲਈ ਔਰਤਾਂ ਨੂੰ ਜਾਗਰੂਕ ਕਰਨਾ ਬਹੁਤ ਜ਼ਰੂਰੀ ਹੈ । ਰਾਜਨੀਤਕ, ਆਰਥਿਕ ਅਤੇ ਸਮਾਜਿਕ ਪੱਧਰ 'ਤੇ ਸਮਾਨਤਾ ਦੇ ਸਿਧਾਂਤ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ।
2. **ਇਸਤਰੀ ਸਸ਼ਕਤੀਕਰਨ ਲਈ ਠੋਸ ਕਾਨੂੰਨ ਬਣਾਉਣਾ ਤੇ ਲਾਗੂ ਕਰਨਾ** : ਭਾਵੇਂ ਕਿ ਔਰਤਾਂ ਦੇ ਸਸ਼ਕਤੀਕਰਨ ਲਈ ਅਨੇਕਾਂ ਯਤਨ ਕੀਤੇ ਗਏ ਹਨ ਅਤੇ ਕਾਨੂੰਨ ਬਣਾਏ ਗਏ ਹਨ ਪਰ ਇਨ੍ਹਾਂ ਕਾਨੂੰਨਾਂ ਦੀ ਜਾਣਕਾਰੀ ਆਮ ਲੋਕਾਂ ਨੂੰ ਨਹੀਂ ਹੈ। ਇਸ ਤੋਂ ਇਲਾਵਾ ਜ਼ਿਆਦਾਤਰ ਕਾਨੂੰਨ ਲਚਕੀਲੇ ਕਿਸਮ ਦੇ ਹਨ ਜਿਨ੍ਹਾਂ ਦਾ ਤੋੜ ਕਿਸੇ ਢੰਗ ਨਾਲ ਮਰਦ ਪ੍ਰਧਾਨ ਸਮਾਜ ਕੱਢ ਹੀ ਲੈਂਦਾ ਹੈ। ਇਸ ਲਈ ਜ਼ਰੂਰਤ ਹੈ ਕਿਨਾ ਸਿਰਫ ਠੋਸ ਕਾਨੂੰਨ ਬਣਾਏਜਾਣ ਸਗੋਂ ਉਨ੍ਹਾਂ ਕਾਨੂੰਨਾਂ ਨੂੰ ਦ੍ਰਿੜ੍ਹਤਾ ਨਾਲ ਲਾਗੂ ਵੀ ਕੀਤਾ ਜਾਵੇ ਤਾਂ ਜੋ ਅਸਲ ਰੂਪ ਵਿੱਚ ਇਸਤਰੀਆਂ ਨੂੰ ਇਨ੍ਹਾਂ ਕਾਨੂੰਨਾਂ ਦਾ ਲਾਭ ਪ੍ਰਾਪਤ ਹੋ ਸਕੇ।
3. **ਇਸਤਰੀ ਸਿੱਖਿਆ ਦੀ ਵਿਵਸਥਾ ਕਰਨਾ** : ਔਰਤਾਂ ਦੀ ਰਾਜਨੀਤਿਕ , ਸਮਾਜਿਕ ਅਤੇ ਆਰਥਿਕ ਭਾਗੀਦਾਰੀ ਇਸ ਗੱਲ ਉੱਤੇ ਨਿਰਭਰ ਕਰਦੀ ਹੈਕਿ ਉਨ੍ਹਾਂ ਨੂੰ ਕਿਸ ਪ੍ਰਕਾਰ ਦੀ ਅਤੇ ਕਿਸ ਪੱਧਰ ਦੀ ਸਿੱਖਿਆ ਹਾਸਿਲ ਹੋ ਰਹੀ ਹੈ। ਇਸ ਲਈ ਔਰਤਾਂ ਨੂੰ ਜਾਗਰੂਕ ਅਤੇ ਸਿੱਖਿਅਤ ਬਣਾਉਣ ਲਈ ਚੰਗੀ ਸਿੱਖਿਆ ਪ੍ਰਣਾਲੀ ਦਾਪ੍ਰਬੰਧ ਕਰਨਾ ਜ਼ਰੂਰੀ ਹੈ ਤਾਂ ਜੋ ਇਸਤਰੀਆਂ ਪੜ੍ਹ ਲਿਖਕੇ ਆਪਣੇ ਅਧਿਕਾਰਾਂ ਨੂੰ ਪ੍ਰਾਪਤ ਅਤੇ ਸੁਰੱਖਿਅਤ ਕਰ ਸਕਣ।
4. **ਇਸਤਰੀਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨਾ** : ਸੈਮੀਨਾਰਾਂ ਵਾਲੇ ਏ . ਸੀ . ਹਾਲਾਂ ਵਿੱਚੋਂ ਨਿਕਲ ਕੇ ਆਮ ਇਸਤਰੀਆਂ ਨੂੰ ਜਾਗਰੂਕ ਕੀਤਾ ਜਾਣਾ ਚਾਹੀਦਾ ਹੈ । ਜਿਹੜੀਆਂ ਵੀ ਨੀਤੀਆਂ ਜਾਂ ਕਾਨੂੰਨ ਇਸਤਰੀਆਂ ਦੇ ਉਥਾਨ ਲਈ ਬਣਾਈਆਂ ਜਾਂਦੀਆਂ ਹਨ ਉਨ੍ਹਾਂ ਸਬੰਧੀ ਜਾਗਰੂਕਤਾ ਫੈਲਾਉਣਾ ਬਹੁਤ ਜ਼ਰੂਰੀ ਹੈ। ਭਾਵੇਂ ਕਾਨੂੰਨ ਜਿੰਨੇ ਮਰਜੀ ਵਧੀਆ ਹੋਣ ਪਰ ਜਦੋਂ ਤੱਕ ਉਨ੍ਹਾਂ ਪ੍ਰਤੀ ਜਾਗਰੂਕਤਾ ਨਹੀਂ ਹੋਵੇਗੀ ਉਦੋਂ ਤੱਕ ਉਨ੍ਹਾਂ ਕਾਨੂੰਨਾਂ ਦਾ ਕੋਈ ਲਾਭ ਨਹੀਂ ਹੋਵੇਗਾ।
5. **ਭਰੂਣ ਹੱਤਿਆ, ਬਾਲ ਵਿਆਹ , ਇਸਤਰੀ ਸ਼ੋਸ਼ਣ , ਦਾਜ ਪ੍ਰਥਾ, ਵਰਗੀਆਂ ਸਮਾਜਿਕ ਕੁਰੀਤੀਆਂ ਨੂੰ ਖਤਮ ਕਰਨਾ**: ਭਾਰਤ ਵਿੱਚ ਭਾਵੇਂ ਉਪਰੋਕਤ ਕੁਰੀਤੀਆਂ ਸਬੰਧੀ ਸਖ਼ਤ ਕਾਨੂੰਨ ਬਣਾਏ ਗਏ ਹਨ ਪਰ

**International Journal of Research in Economics and Social Sciences(IJRESS)**
Available online at: http://euroasiapub.org
Vol. 9 Issue 3, March- 2019
ISSN(o): 2249-7382 | Impact Factor: 6.939 |

ਜ਼ਮੀਨੀ ਪੱਧਰ ਉੱਤੇ ਹਾਲੇ ਵੀ ਇਹ ਕੁਰੀਤੀਆਂ ਜਿਉਂ ਦੀਆਂ ਤਿਉਂ ਹਨ । ਇਨ੍ਹਾਂ ਕੁਰੀਤੀਆਂ ਨੂੰ ਦੂਰ ਕਰਨ ਲਈ ਸਮਾਜ ਵਿਚ ਜਾਗਰੂਕਤਾ ਪੈਦਾ ਕੀਤੀ ਜਾਣੀ ਚਾਹੀਦੀ ਹੈ ਅਤੇ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ।

6. **ਹਰੇਕ ਰਾਜਨੀਤਕ ਦਲ ਵਿਧਾਨ ਸਭਾ ਅਤੇ ਸੰਸਦ ਵਿੱਚ ਇਸਤਰੀਆਂ ਨੂੰ ਘੱਟੋ ਘੱਟ 50%ਰਾਖਵੇਂ ਸਥਾਨ ਦੇਣਾ:** ਭਾਰਤੀ ਰਾਜਨੀਤਿਕ ਪ੍ਰਣਾਲੀ ਦੀ ਨੀਤੀ ਨਿਰਮਾਣ ਪ੍ਰਕਿਰਿਆ ਵਿੱਚ ਇਸਤਰੀਆਂ ਨੂੰ ਭਾਗੀਦਾਰ ਬਣਾਉਣ ਦੇ ਲਈ ਇਸਤਰੀਆਂ ਲਈ ਵੱਧ ਤੋਂ ਵੱਧ ਸਥਾਨ ਨੀਤੀ ਨਿਰਮਾਣ ਸੰਸਥਾਵਾਂ ਵਿੱਚ ਰਾਖਵੇਂ ਰੱਖੇ ਜਾਣੇ ਚਾਹੀਦੇ ਹਨ। ਉਸ ਲੋਕਤੰਤਰ ਨੂੰ ਅਸਲ ਲੋਕਤੰਤਰ ਨਹੀਂ ਮੰਨਿਆ ਜਾ ਸਕਦਾ ਜਿਸ ਵਿੱਚ ਅੱਧੀ ਆਬਾਦੀ ਨੂੰ ਬਰਾਬਰਤਾ ਦੇ ਅਧਿਕਾਰ ਪ੍ਰਾਪਤ ਨਾ ਹੋਣ । ਜਿੰਨੀਆਂ ਜ਼ਿਆਦਾ ਤੋਂ ਜ਼ਿਆਦਾ ਔਰਤਾਂ ਨੀਤੀ ਨਿਰਮਾਣ ਸੰਸਥਾਵਾਂ ਵਿੱਚ ਜਾਣਗੀਆਂ ਓਨੀਆਂ ਹੀ ਜ਼ਿਆਦਾ ਨੀਤੀਆਂ ਇਸਤਰੀਆਂ ਦੇ ਮਸਲੇ ਹੱਲ ਕਰਨ ਲਈ ਹੋਂਦ ਵਿੱਚ ਆਉਣਗੀਆਂ ਕਿਉਂਕਿ ਇਸਤਰੀਆਂ ਦੀਆਂ ਸਮੱਸਿਆਵਾਂ ਨੂੰ ਸਿਰਫ ਇਸਤਰੀਆਂ ਹੀ ਚੰਗੀ ਤਰ੍ਹਾਂ ਸਮਝ ਸਕਦੀਆਂ ਹਨ ਅਤੇ ਉਨ੍ਹਾਂ ਦੇ ਢੁੱਕਵੇਂ ਹੱਲ ਲੱਭ ਸਕਦੀਆਂ ਹਨ।

7. **ਇਸਤਰੀਆਂ ਨਾਲ ਸਬੰਧਤ ਵਿਭਾਗਾਂ ਵਿੱਚ ਇਸਤਰੀਆਂ ਦੀ ਨਿਯੁਕਤੀ ਕਰਨਾ** : ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਇਸਤਰੀਆਂ ਦੇ ਮਸਲਿਆਂ ਨਾਲ ਸਬੰਧਤ ਵਿਭਾਗਾਂ ਵਿੱਚ ਮਰਦਾਂ ਦੀ ਨਿਯੁਕਤੀ ਕਰ ਦਿੱਤੀ ਜਾਂਦੀ ਹੈ ਜੋ ਕਿ ਪੂਰੀ ਸੰਵੇਦਨਸ਼ੀਲਤਾ ਨਾਲ ਔਰਤਾਂ ਸਬੰਧੀ ਮਸਲਿਆਂ ਨੂੰ ਹੱਲ ਕਰਨ ਦਾ ਯਤਨ ਨਹੀਂ ਕਰਦੇ ਹਨ। ਔਰਤਾਂ ਦੀਆਂ ਸਮੱਸਿਆਵਾਂ ਨੂੰ ਔਰਤਾਂ ਹੀ ਚੰਗੀ ਤਰ੍ਹਾਂ ਸਮਝ ਸਕਦੀਆਂ ਹਨ । ਇਸ ਲਈ ਔਰਤਾਂ ਨਾਲ ਸਬੰਧਤ ਵਿਭਾਗਾਂ ਵਿੱਚ ਇਸਤਰੀਆਂ ਦੀ ਨਿਯੁਕਤੀ ਹੀ ਕੀਤੀ ਜਾਣੀ ਚਾਹੀਦੀ ਹੈ।

8. **ਇਸਤਰੀਆਂ ਵਿੱਚ ਰਾਜਨੀਤਕ ਜਾਗਰੂਕਤਾ ਪੈਦਾ ਕਰਨਾ** : ਅਕਸਰ ਕਿਹਾ ਜਾਂਦਾ ਹੈ ਰਾਜਨੀਤੀ ਮਰਦਾਂ ਦੀ ਖੇਡ ਹੈ ਅਤੇ ਇਸਤਰੀਆਂ ਨੂੰ ਰਾਜਨੀਤੀ ਤੋਂ ਦੂਰ ਰੱਖਿਆ ਜਾਂਦਾ ਹੈ, ਜਿਸ ਕਾਰਨ ਉਹ ਨਿਰਣਾ ਨਿਰਮਾਣ ਸੰਸਥਾਵਾਂ ਵਿੱਚ ਦਾਖ਼ਲ ਨਹੀਂ ਹੋ ਪਾਉਂਦੀਆਂ ਅਤੇ ਨਾ ਹੀ ਨਿਰਣਾ ਨਿਰਮਾਣ ਪ੍ਰਕਿਰਿਆ ਦਾ ਹਿੱਸਾ ਬਣ ਪਾਉਂਦੀਆਂ ਹਨ। ਇਸ ਲਈ ਇਸਤਰੀਆਂ ਨੂੰ ਵੱਧ ਤੋਂ ਵੱਧ ਰਾਜਨੀਤੀ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਅਤੇ ਜਾਗਰੂਕ ਕੀਤਾ ਜਾਣਾ ਚਾਹੀਦਾ ਹੈਤਾਂ ਜੋ ਉਹ ਚੋਣ ਪ੍ਰਕਿਰਿਆ ਵਿੱਚ ਸ਼ਾਮਲ ਹੋ ਕੇ ਉੱਚ -ਅਹੁਦਿਆਂ ਉੱਤੇ ਪਹੁੰਚ ਸਕਣ ਅਤੇ ਸਮਾਜ ਲਈ ਢੁੱਕਵੇਂ ਨਿਰਣੇ ਲੈ ਸਕਣ । ਇਸਤਰੀਆਂ ਨੂੰ ਇਸ ਪੱਖੋਂ ਵੀ ਜਾਗਰੂਕ ਹੋਣਾ

**International Journal of Research in Economics and Social Sciences(IJRESS)**
Available online at: http://euroasiapub.org
Vol. 9 Issue 3, March- 2019
ISSN(o): 2249-7382 | Impact Factor: 6.939 |

ਚਾਹੀਦਾ ਹੈ ਕਿ ਉਨ੍ਹਾਂ ਦੇ ਰਾਜਨੀਤਕ ਉਹਦੇ ਦਾ ਲਾਭ ਪੁਰਸ਼ ਨਾ ਲੈ ਸਕਣ ਅਤੇ ਉਹ ਆਪਣੇ ਨਿਰਣੇ ਆਪ ਕਰ ਸਕਣ।

9. **ਇਸਤਰੀ ਅਤੇ ਮਰਦਾਂ ਨੂੰ ਬਰਾਬਰ ਮਿਹਨਤਾਨਾ :** ਭਾਰਤ ਵਿੱਚ ਇਸਤਰੀਆਂ ਨੂੰ ਇੱਕ ਸਸਤੇ ਕਾਮੇ ਵਜੋਂ ਦੇਖਿਆ ਜਾਂਦਾ ਹੈ। ਅਕਸਰ ਉਨ੍ਹਾਂ ਨੂੰ ਦਿੱਤਾ ਜਾਣ ਵਾਲਾ ਮਿਹਨਤਾਨਾ ਮਰਦਾਂ ਦੇ ਮੁਕਾਬਲੇ ਕਾਫ਼ੀ ਘੱਟ ਹੁੰਦਾ ਹੈ। ਜਿਸ ਕਰਕੇ ਔਰਤਾਂ ਦਾ ਆਰਥਿਕ ਸ਼ੋਸ਼ਣ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਔਰਤਾਂ ਨੂੰ ਵੀ ਸੰਵਿਧਾਨਕ ਹੱਕ ਦਿੱਤਾ ਜਾਵੇ ਅਤੇ ਉਨ੍ਹਾਂ ਨੂੰ ਬਰਾਬਰ ਮਿਹਨਤਾਨਾ ਪ੍ਰਾਪਤ ਹੋਵੇ । ਜੇਕਰ ਬਰਾਬਰ ਕੰਮ ਦੇ ਬਰਾਬਰ ਮਿਹਨਤਾਨਾ ਮਿਲੇਗਾ ਤਾਂ ਆਰਥਿਕ ਬਰਾਬਰਤਾ ਆਪਣੇ ਆਪ ਸਥਾਪਿਤ ਹੋਣ ਲੱਗੇਗੀ।

10. **ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਇਸਤਰੀਆਂ ਸਬੰਧੀ ਵਿਸ਼ਿਆਂ ਨੂੰ ਪਾਠਕ੍ਰਮ ਵਿੱਚ ਸ਼ਾਮਿਲ ਕਰਨਾ:** ਜਿੱਥੇ ਇਸਤਰੀ ਸਿੱਖਿਆ ਨੂੰ ਮਹੱਤਵ ਦਿੱਤਾ ਜਾਣਾ ਜ਼ਰੂਰੀ ਹੈ , ਉੱਥੇ ਪੂਰੇ ਸਮਾਜ ਨੂੰ ਇਸਤਰੀਆਂ ਦੇ ਮਸਲਿਆਂ ਪ੍ਰਤੀ ਜਾਗਰੂਕ ਕਰਨ ਦੇ ਲਈ ਸਕੂਲਾਂ , ਕਾਲਜਾਂ , ਯੂਨੀਵਰਸਿਟੀਆਂ ਦੇ ਪਾਠਕ੍ਰਮਾਂ ਵਿੱਚ ਇਸਤਰੀਆਂ ਸਬੰਧੀ ਵਿਸ਼ਿਆਂ ਨੂੰ ਸ਼ਾਮਲ ਕਰਨਾ ਜ਼ਰੂਰੀ ਹੋ ਜਾਂਦਾ ਹੈ । ਸਿੱਖਿਅਤ ਸਮਾਜ ਵਿੱਚ ਇਸਤਰੀਆਂ ਦੇ ਅਧਿਕਾਰ ਸੁਰੱਖਿਅਤ ਰਹਿ ਸਕਦੇ ਹਨ ਅਤੇ ਉਨ੍ਹਾਂ ਵਿੱਚ ਨਵੀਂ ਚੇਤਨਾ ਪੈਦਾ ਕੀਤੀ ਜਾ ਸਕਦੀ ਹੈ।

ਉਪਰੋਕਤ ਵਰਣਨ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਇਸਤਰੀ ਜਾਤੀ ਨੂੰ ਸਦੀਆਂ ਤੋਂ ਵਿਤਕਰੇ ਅਤੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪਿਆ ਹੈ । ਅਜ਼ਾਦ ਭਾਰਤ ਵਿੱਚ ਵੀ ਇਸਤਰੀਆਂ ਦੀ ਸਥਿਤੀ ਵਿੱਚ ਕੋਈ ਵੱਡੀ ਤਬਦੀਲੀ ਨਹੀਂ ਆਈ। ਸਗੋਂ ਇਸਤਰੀਆਂ ਨੂੰ ਹੋਰ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਵੇਂ ਭਾਰਤੀ ਸੰਵਿਧਾਨ ਅਤੇ ਕਾਨੂੰਨੀ ਪੱਧਰ 'ਤੇ ਔਰਤਾਂ ਨੂੰ ਬਰਾਬਰਤਾ ਦੇ ਅਧਿਕਾਰ ਦਿੱਤੇ ਗਏ ਹਨ ਅਤੇ ਕਈ ਤਰ੍ਹਾਂ ਦੇ ਯਤਨ ਕੀਤੇ ਜਾ ਰਹੇ ਹਨ ਪਰ ਅਸਲ ਵਿੱਚ ਜ਼ਮੀਨੀ ਪੱਧਰ 'ਤੇ ਇਨ੍ਹਾਂ ਯਤਨਾਂ ਦਾ ਪ੍ਰਭਾਵ ਜਾਂ ਲਾਭ ਕੁਝ ਇਸਤਰੀਆਂ ਤੱਕ ਹੀ ਪਹੁੰਚ ਪਾਇਆ ਹੈ । ਇਸ ਲਈ ਇਸਤਰੀਆਂ ਦੀ ਨਿਰਣਾ ਨਿਰਮਾਣ ਪ੍ਰਕਿਰਿਆ ਵਿੱਚ ਸ਼ਾਮਲ ਹੋਣਾ ਜ਼ਰੂਰੀ ਹੈ ਤਾਂ ਜੋ ਉਹ ਆਪਣੀਆਂ ਸਮੱਸਿਆਵਾਂ ਦਾ ਆਪ ਢੁੱਕਵਾਂ ਹੱਲ ਕੱਢ ਸਕਣ। ਇਸ ਲਈ ਚੋਣ ਪ੍ਰਕਿਰਿਆ ਵਿੱਚ ਇਸਤਰੀਆਂ ਨੂੰ ਵੱਧ ਤੋਂ ਵੱਧ ਹਿੱਸਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਰਾਜਨੀਤਕ ਪਾਰਟੀਆਂ ਦੁਆਰਾ ਵੱਧ ਤੋਂ ਵੱਧ ਟਿਕਟਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਇਸਤਰੀਆਂ ਨੂੰ ਸਿੱਖਿਅਤ ਅਤੇ ਜਾਗਰੂਕ ਕਰਨ ਲਈ ਢੁੱਕਵੇਂ ਯਤਨ ਕੀਤੇ ਜਾਣੇ ਚਾਹੀਦੇ ਹਨ । ਅੰਤ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਕੋਈ ਵੀ ਲੋਕਤੰਤਰ ਉਦੋਂ ਤੱਕ ਅਸ ਲ ਲੋਕਤੰਤਰ ਨਹੀਂ ਕਹਾ ਸਕਦਾ ਜਦੋਂ

International Journal of Research in Economics and Social Sciences(IJRESS)
Available online at: http://euroasiapub.org
Vol. 9 Issue 3, March- 2019
ISSN(o): 2249-7382 | Impact Factor: 6.939 |

ਤੱਕ ਉਹ ਬਿਨਾਂ ਕਿਸੇ ਭੇਦ -ਭਾਵ ਦੇ ਇਸਤਰੀ ਅਤੇ ਮਰਦਾਂ ਨੂੰ ਬਰਾਬਰ ਅਧਿਕਾਰ ਪ੍ਰਦਾਨ ਨਹੀਂ ਕਰ ਪਾਉਂਦਾ।